# ਲਹਿਰਾਂ ਦੀ ਵੇਦਨਾ

## ਲਹਿਰਾਂ ਦੀ ਵੇਦਨਾ ਤੋਂ ਇਲਾਵਾ ਲੇਖਿਕਾ ਦੀਆਂ ਹੋਰ ਪੁਸਤਕਾਂ

| | | | |
|---|---|---|---|
| 1. | ਮਖੌਟਿਆਂ ਦੇ ਆਰ ਪਾਰ | (ਕਾਵਿ ਸੰਗ੍ਰਹਿ) | (2010) |
| 2. | ਭਲਾ ਮੈਂ ਕੌਣ | (ਨਾਟ-ਸੰਗ੍ਰਹਿ) | (2009) |
| 3. | ਬਲ਼ਦੇ ਬਿਰਖ | (ਨਾਟ-ਸੰਗ੍ਰਹਿ) | (2011) |
| 4. | ਤਵਾਰੀਖ਼ ਬੋਲਦੀ ਹੈ ਤੇ ਹੋਰ ਨਾਟਕ | (ਨਾਟ-ਸੰਗ੍ਰਹਿ) | (2016) |

# ਲਹਿਰਾਂ ਦੀ ਵੇਦਨਾ

(ਕਾਵਿ ਸੰਗ੍ਰਹਿ)

ਪਰਮਿੰਦਰ ਕੌਰ ਸਵੈਚ

ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ।

# ਲਹਿਰਾਂ ਦੀ ਵੇਦਨਾ

(ਕਾਵਿ ਸੰਗ੍ਰਹਿ)

**ਪਰਮਿੰਦਰ ਕੌਰ ਸਵੈਚ**
14070 King Road
Surrey B. C., V3R 0M1, Canada
Res Phone No. 604 584 6651
Cell Phone no 604 760 4794
Email: pswaich@hotmail.com

© ਲੇਖਕ

ਪਹਿਲੀ ਵਾਰ : 2016

**ਪ੍ਰਕਾਸ਼ਕ :** **ਤਰਕਭਾਰਤੀ ਪ੍ਰਕਾਸ਼ਨ**
ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲਜ ਰੋਡ, ਬਰਨਾਲਾ।
ਫੋਨ : 01679-241744, 233244 ਫੈਕਸ : 241744
Email: tarksheel@gmail.com
www.thepunjabi.com

**ਛਾਪਕ :** **ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ :** 150/-, ਡਾਲਰ 10

*© 2016 All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਣ

ਹੱਕ ਸੱਚ ਤੇ ਇਨਸਾਫ਼ ਲਈ ਲੜਦੇ
ਸੰਘਰਸ਼ਸ਼ੀਲ ਲੋਕਾਂ ਦੇ
ਨਾਂ

# ਮਨੁੱਖਤਾ ਦੇ ਪਿੰਡੇ 'ਤੇ ਪਈਆਂ ਲਾਸ਼ਾਂ ਦੀ ਤਰਜ਼ਮਾਨੀ ਕਰਦੀ ਕਵਿਤਾ

ਪਰਮਿੰਦਰ ਕੌਰ ਸਵੈਚ ਦੇ ਹੱਥਲੇ ਕਾਵਿ ਸੰਗ੍ਰਹਿ "ਲਹਿਰਾਂ ਦੀ ਵੇਦਨਾ" ਤੋਂ ਪਹਿਲਾਂ ਵੀ ਕਵਿਤਾਵਾਂ ਦੀ ਇੱਕ ਕਿਤਾਬ "ਮਖੌਟਿਆਂ ਦੇ ਆਰ ਪਾਰ" ਅਤੇ ਦੋ ਨਾਟਕਾਂ ਦੀਆਂ ਪੁਸਤਕਾਂ "ਭਲਾ ਮੈਂ ਕੌਣ" ਤੇ "ਬਲ਼ਦੇ ਬਿਰਖ" ਪੰਜਾਬੀ ਅਦਬ ਨੂੰ ਭੇਂਟ ਕਰ ਚੁੱਕੀ ਹੈ। ਅੱਜ ਕੱਲ ਦੇਸ਼ ਵਿਦੇਸ਼ ਵਿੱਚ ਲਿਖੀ ਜਾ ਰਹੀ ਕਵਿਤਾ ਵਿੱਚ ਬੋਝਲਪਣ ਬਹੁਤ ਭਾਰੂ ਵਿਖਾਈ ਦੇ ਰਿਹਾ ਹੈ। ਇੰਝ ਲਗਦਾ ਹੈ ਕਿ ਕਵਿਤਾ ਸਿਰਫ ਪ੍ਰੋਫੈਸਰਾਂ, ਡਾਕਟਰਾਂ, ਅਲੋਚਕਾਂ ਨੂੰ ਆਕਰਸ਼ਿਤ ਕਰਨ ਲਈ ਹੀ ਲਿਖੀ ਜਾ ਰਹੀ ਹੋਵੇ। ਉੱਤਰ ਆਧੁਨਿਕਤਾਵਾਦ ਅਧੀਨ ਆਮ ਪਾਠਕ ਦੀ ਸਮਝ ਤੋਂ ਕਵਿਤਾ ਪਾਸਾ ਵੱਟ ਰਹੀ ਦਿਖਾਈ ਦੇ ਰਹੀ ਹੈ। ਪਰ ਪਰਮਿੰਦਰ-ਕਾਵਿ ਵਿੱਚ ਇਹ ਔਗੁਣ ਨਹੀਂ ਹੈ। ਉਸਦੀ ਨਜ਼ਮ ਵਿੱਚ ਸਾਦਗੀ ਹੈ, ਜਨ ਸਾਧਾਰਣ ਨੂੰ ਖਿੱਚ ਪਾਉਂਦੀ ਹੈ। ਉਸਦੀ ਨਜ਼ਮ ਅੱਜ ਦੇ ਆਦਮੀ ਦੀ ਅਣਸੁਖਾਵੀਂ ਜ਼ਿੰਦਗੀ ਜਿਸ ਵਿੱਚ ਉਹ ਵਿਚਰ ਰਿਹਾ ਹੈ ਨੂੰ ਸੁਖਾਵੀਂ ਬਣਾਉਣ ਲਈ ਯਤਨਸ਼ੀਲ ਹੈ।

ਪਰਮਿੰਦਰ ਨੂੰ ਲੋਕਤਾ ਦਾ ਦਰਦ ਉਸਨੂੰ ਵਿਰਾਸਤ ਵਿੱਚ ਮਿਲਿਆ ਹੈ। ਉਸਦੇ ਦਾਦਾ ਜੀ ਅਤੇ ਪਿਤਾ ਜੀ ਨੇ ਆਪਣਾ ਸਮੁੱਚਾ ਜੀਵਨ ਮਨੁੱਖਤਾ ਦੀਆਂ ਪੀੜਾਂ ਹਰਨ ਲਈ ਸ਼ੰਘਰਸ਼ ਦੇ ਲੇਖੇ ਲਾ ਦਿੱਤਾ ਸੀ ਸੋ ਇਸ ਕਰਕੇ ਹੀ ਪਰਮਿੰਦਰ ਦੀ ਕਵਿਤਾ ਆਮ ਲੋਕਾਈ ਦੇ ਪਿੰਡੇ ਤੇ ਪਈਆਂ ਲਾਸ਼ਾਂ ਦੀ ਤਰਜ਼ਮਾਨੀ ਕਰਦੀ ਹੈ।

ਪੰਜਾਬੀ ਵਿੱਚ ਬਹੁਤ ਸਾਰੀਆਂ ਕਵਿੱਤਰੀਆਂ ਸਰਗਰਮ ਹਨ ਪਰ ਉਹਨਾਂ ਦਾ ਵਿਸ਼ਾ ਮਰਦ ਪ੍ਰਧਾਨ ਸਮਾਜ ਨੂੰ ਭੰਡਣ ਤੱਕ ਹੀ ਸੀਮਤ ਹੈ। ਉਹਨਾਂ ਦੀ ਰਚਨਾ ਨਾਰੀ ਦੁੱਖਾਂ ਦਾ ਕਾਰਨ ਸਿਰਫ 'ਮਰਦ' ਹੀ ਹੈ। ਜਦਕਿ ਪਰਮਿੰਦਰ-ਕਾਵਿ ਵਿੱਚ ਮਰਦ ਨੂੰ ਨਾਲ ਲੈ ਕੇ ਜ਼ਿੰਦਗੀ ਦੀਆਂ ਬਾਕੀ ਦੁਸ਼ਵਾਰੀਆਂ ਨਾਲ ਲੋਹਾ ਲੈਣ ਦਾ ਸੁਨੇਹਾ ਹੈ। ਉਹ ਸਮੁੱਚੀ ਮਾਨਵਤਾ ਦੇ ਭਲੇ ਲਈ ਇੰਪੀਅਰਲਿਜ਼ਮ, ਭ੍ਰਿਸ਼ਟ ਨਿਜ਼ਾਮ, ਮਨੂੰਵਾਦ ਨਾਲ ਟੱਕਰ ਲੈਣਾ ਜਰੂਰੀ ਸਮਝਦੀ ਹੈ।

ਪਰਮਿੰਦਰ ਕੌਰ ਸਵੈਚ ਦੇ ਅੰਦਰ ਇੱਕ ਠਾਠਾਂ ਮਾਰਦਾ ਅੱਗ ਦਾ ਸਮੁੰਦਰ ਹੈ ਜਿਸ ਨਾਲ ਉਹ ਵਿਸ਼ਵ ਦੇ ਇਨਸਾਨੀਅਤ ਵਿਰੋਧੀ ਵਿਕਰਾਲ ਰੂਪ ਧਾਰੀ ਜਾ ਰਹੇ ਦਾਨਵ ਨੂੰ ਸਾੜ ਕੇ ਰਾਖ ਕਰ ਦੇਣਾ ਲੋਚਦੀ ਹੈ। ਉਹ ਅਖੌਤੀ ਨਾਰੀ ਸੰਵੇਦਨਾ

ਵਾਲੀ ਲਿਖੀ ਜਾ ਰਹੀ ਸਤਹੀ ਕਵਿਤਾ ਤੋਂ ਅੱਕ ਕੇ ਹੀ ਉਹ ਆਪਣੀ ਕਵਿਤਾ "ਚਗ਼ਲ਼ੇ ਵਿਚਾਰ" ਵਿੱਚ ਆਖਦੀ ਹੈ।

*"ਮਨੁੱਖਤਾ ਵਿੱਚ ਨਵੀਂ ਰੂਹ ਫੂਕਣ ਲਈ*
*ਲੋੜ ਹੈ ਉਹਨਾਂ ਭੂਕਨਿਆਂ ਵਰਗੇ ਸੰਦਾਂ ਸ਼ਬਦਾਂ ਦੀ*
*ਜੋ ਚੇਤਨਾ ਦੀ ਫੂਕ ਮਾਰਨ*
*ਕੁੱਝ ਮੱਘਦੇ ਸ਼ਬਦ*
*ਜੋ ਗਿੱਲ਼ੇ ਚੁੱਲਿਆਂ ਨੂੰ ਜਲ਼ਾਉਣ*
*ਜੁਗੜ੍ਹਿਆਂ ਤੋਂ ਲੱਗੀ ਉੱਲੀ ਨੂੰ ਲਾਹੁਣ*
*ਕੰਮ ਕਰਨ ਕੂਚੀ ਵਾਂਗ*
*ਚਮਕਾ ਦੇਣ ਸੂਰਜ ਦੀ ਟਿੱਕੀ ਵਾਂਗ*
*ਫੈਲਾ ਦੇਣ ਦੁਨੀਆਂ ਭਰ ਵਿੱਚ ਉਜਾਲਾ"*

ਅਖ਼ਬਾਰਾਂ, ਰੇਡਿਓ, ਟੀ.ਵੀ. ਚੈਨਲਾਂ 'ਤੇ ਜਬਰ ਜਿਨਾਹ ਦੀਆਂ ਖਬਰਾਂ ਪ੍ਰਸਾਰਿਤ ਹੁੰਦੀਆਂ ਹਨ ਅਸੀਂ ਮੂੰਹ ਨਾਲ ਚੁਅਚ ---ਚੁਅਚ ਕਰਕੇ ਕੁੱਝ ਸਮੇਂ ਬਾਅਦ ਫਿਰ ਸਹਿਜ ਹੋ ਜਾਂਦੇ ਹਾਂ ਪਰ ਪਰਮਿੰਦਰ ਦਾ ਅਤੀ ਸੰਵੇਦਨਸ਼ੀਲ ਮਨ ਪੀੜਤ ਔਰਤ ਦੀ ਮਨੋ ਸਥਿਤੀ ਨੂੰ ਹਟਕੋਰੇ ਲੈ ਕੇ ਇਸ ਤਰ੍ਹਾਂ ਵਿਅਕਤ ਕਰਦਾ ਹੈ।

*"ਮੇਰੀ ਹਥੇਲੀ ਤੇ ਸਿਰ ਰੱਖ ਕੇ*
*ਸੌਣ ਵਾਲਾ ਸਮਾਂ*
*ਉੱਡ ਗਿਆ ਹੈ ਪੰਖੇਰੂ ਬਣ*
*ਹੁਣ ਰਾਤ ਕਦੇ ਵੀ ਨਾ ਕਰੇਗੀ*
*ਤਾਰਿਆਂ ਸੰਗ ਅਠਖੇਲੀਆਂ*
*ਬਣ ਗਈ ਹਾਂ ਮੈਂ*
*ਅਖ਼ਬਾਰਾਂ ਦੀ ਮਸਾਲਾ ਲੱਗੀ*
*ਗੈਂਗਰੇਪ ਦੀ ਲਾਲ ਸੁਰਖੀ*
*ਛੱਜ 'ਚ ਪਾ ਕੇ ਛੱਟੀ ਜਾਣ ਵਾਲੀ ਔਰਤ ਦੇ*
*ਪਰਖਚੇ ਉਡ ਰਹੇ ਹਨ ਅੱਧ ਅਸਮਾਨੇ*
*ਲੋਕਤੰਤਰ ਦੇ ਯੁੱਗ ਵਿੱਚ*
*ਆਉਣ ਵਾਲਾ ਸਮਾਂ*
*ਇਸ ਵਲੂੰਧਰੀ ਭੋਂਇ ਉੱਤੇ*
*ਵਜਾ ਰਿਹਾ ਹੈ*
*ਰਾਜਨੀਤਿਕ ਪੀਪਨੀ ਵਾਲਾ ਵਾਜਾ*
*ਸੁਰੀਲੇ ਸੁਰਾਂ ਨਾਲ*

*ਭਿੰਨ ਭਿੰਨ ਜਾਦੂਗਰੀ ਡਮਰੂ ਲੈ ਕੇ"*

"ਲਹਿਰਾਂ ਦੀ ਵੇਦਨਾ" ਵਿੱਚ ਇੱਕ ਕਵਿਤਾ ਲਹਿਰਾਂ ਹੈ ਜਿਸ ਵਿੱਚ ਕਵਿੱਤਰੀ ਨੇ ਸਮੁੰਦਰ ਦੀ ਖ਼ੂਬਸੂਰਤੀ ਦੇ ਨਾਲ ਨਾਲ ਲਹਿਰਾਂ ਨੂੰ ਲੋਕ ਸੰਘਰਸ਼ ਨਾਲ ਪ੍ਰਤੀਕਆਤਮਕ ਤੌਰ ਤੇ ਜੋੜਿਆ ਹੈ। ਪਰਮਿੰਦਰ ਦਾ ਆਖਣਾ ਹੈ ਕਿ ਲਹਿਰਾਂ ਮਨੁੱਖੀ ਜੀਵਨ ਨੂੰ ਬਹੁਤ ਕੁਝ ਸੇਧ ਦੇ ਰੂਪ 'ਚ ਦਿੰਦੀਆਂ ਹਨ। ਪੇਸ਼ ਹੈ ਇਸ ਨਜ਼ਮ ਦੀ ਇੱਕ ਵੰਨਗੀ:-

*"ਉਹ*
*ਇੱਕ ਦੂਜੇ 'ਚ ਮੋਢੇ ਮਾਰਦੀਆਂ*
*ਹੱਸਦੀਆਂ, ਖੇਡਦੀਆਂ*
*ਰਮਜ਼ਾਂ ਛੇੜਦੀਆਂ*
*ਵਲ਼ੇਵੇਂ ਖਾਂਦੀਆਂ*
*ਜੋ ਸੱਪਾਂ ਵਾਂਗ ਮੇਲ੍ਹਦੀਆਂ*
*ਉਤਸੁਕ ਹਨ ਇਹ ਲਹਿਰਾਂ*
*ਇੱਕ ਦੂਜੇ ਤੋਂ ਅੱਗੇ ਜਾਣ ਲਈ*
*ਆਪਸ ਵਿੱਚ ਸਮਾ ਜਾਣ ਲਈ*
*ਵਗਾਹ ਮਾਰਦੀਆਂ ਹਨ*
*ਕੂੜਾ ਕਰਕਟ*
*ਕੰਢਿਆਂ ਤੇ, ਦੂਰ ਪਰੇ*
*ਰਹਿਣਾ ਚਾਹੁੰਦੀਆਂ ਹਨ*
*ਸਵੱਛ, ਨਿਰਮਲ ਤੇ ਸਾਫ਼*
*ਜੂਝਦੀਆਂ ਹਨ*
*ਤੂਫ਼ਾਨਾਂ ਨਾਲ, ਭੂਚਾਲਾਂ ਨਾਲ*
*ਦਿੰਦੀਆਂ ਹਨ ਸੁਨੇਹਾ*
*ਲੋਕ ਲਹਿਰਾਂ ਨੂੰ*
*ਇੱਕ ਮਿੱਕ ਹੋਣ ਦਾ*
*ਛੋਟੀ ਤੋਂ ਵੱਡੀ ਬਣ ਜਾਣ ਦਾ*
*ਗੰਦ ਨੂੰ ਹੂੰਝਣ ਦਾ*
*ਟਿਕਾਣੇ ਲਗਾਉਣ ਦਾ*
*ਏਕਤਾ ਦਾ ਸਬੂਤ*
*ਤਾਂ ਹੀ ਤਾਂ*
*ਉਠਦੀ ਹੈ ਪਰਬਲ ਇੱਛਾ*

*ਮੇਰੇ ਮਨ ਵਿੱਚ*
*ਇੱਕ ਲਹਿਰ ਬਣ ਜਾਣ ਦੀ*
*ਮਨੁੱਖਤਾ ਵਿੱਚ ਸਮਾ ਜਾਣ ਦੀ"।*

ਇਸੇ ਤਰ੍ਹਾਂ ਅਜ਼ਾਦ ਫਿਤਰਤ, ਲੂਣ ਦੀ ਤਲਾਸ਼, ਨਵਾਂ ਸਾਲ, ਡਾਢੇ ਦਾ ਸੱਤੀਂ ਵੀਹੀਂ ਸੌ, ਨਿੱਜ ਤੋਂ ਬਜ਼ਾਰ ਤੱਕ, ਰਵਿੰਦਰ ਭੰਗੂ ਦੀ ਹੂਕ ਨਜ਼ਮਾਂ ਪਰਮਿੰਦਰ ਦੀਆਂ ਗੌਲ਼ਣਯੋਗ ਕਵਿਤਾਵਾਂ ਹਨ ਜਿਹੜੀਆਂ ਕਿ ਲੋਕ ਰੋਹ ਅਤੇ ਲੋਕ ਮੋਹ ਵਿੱਚ ਗੋਡੇ ਗੋਡੇ ਨਹੀਂ ਸਗੋਂ ਗਲ਼ ਗਲ਼ ਤੱਕ ਡੁੱਬੀਆਂ ਹੋਈਆਂ ਹਨ। ਮੇਰੀ ਜਾਚੇ ਪੰਜਾਬੀ ਕਵਿਤਾ ਵਿੱਚ ਪਾਸ਼, ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ, ਅਮਰਜੀਤ ਚੰਦਨ ਦੀ ਵਿਚਾਰਧਾਰਾ ਨੂੰ ਅੱਗੇ ਤੋਰਨ ਲਈ ਪਰਮਿੰਦਰ ਕੌਰ ਸਵੈਚ ਪਹਿਲੀ ਔਰਤ ਲੇਖਿਕਾ (ਕਵਿੱਤਰੀ) ਹੈ। ਕਵਿਤਾ ਵਿੱਚ ਕਦੇ ਕਦੇ ਬਿੰਬਾਂ, ਪ੍ਰਤੀਕਾਂ ਦੀ ਘਾਟ ਰੜਕਦੀ ਹੈ। ਸ਼ਿਲਪਕਾਰੀ ਵੀ ਅਜੇ ਮੱਧਮ ਵਿਖਾਈ ਦੇ ਰਹੀ ਹੈ। ਵੈਸੇ ਪਰਮਿੰਦਰ ਨੇ ਪਹਿਲੇ ਆਪਣੇ ਕਾਵਿ ਸੰਗ੍ਰਹਿ ਮਖੌਟਿਆਂ ਦੇ ਆਰ ਪਾਰ ਤੋਂ ਕਾਵਿਕੁਤਾ ਦਾ ਰੰਗ ਭਰਨ ਵਿੱਚ ਕਾਫੀ ਵਿਕਾਸਸ਼ੀਲਤਾ ਵਿਖਾਈ ਹੈ। ਲੋਕਾਂ ਦੀ ਅਵਾਜ਼ ਵਾਲੀ ਕਵਿਤਾ ਤਾਂ ਉਂਝ ਹੀ ਸਦਾ ਅਮਰ ਰਹਿੰਦੀ ਹੈ। ਪੰਜਾਬੀ ਪਾਠਕ ਵਰਗ ਖਾਸ ਕਰ ਔਰਤਾਂ ਨੂੰ ਇਹ "ਲਹਿਰਾਂ ਦੀ ਵੇਦਨਾ" ਕਿਤਾਬ ਪੜ੍ਹਨ ਦੀ ਮੈਂ ਦਿਲੋਂ ਸਿਫ਼ਾਰਸ਼ ਕਰਦਾ ਹਾਂ।

***-ਅੰਮ੍ਰਿਤ ਦੀਵਾਨਾ***
*ਸਰ੍ਹੀ, ਬੀ. ਸੀ.*

# ਲਹਿਰਾਂ ਦੀ ਵੇਦਨਾ ਸੰਗ ਜ਼ਿੰਦਗੀ ਦਾ ਯੁੱਧ ਲੜਦੀ ਪਰਮਿੰਦਰ ਦੀ ਕਵਿਤਾ

*"ਤੁਸੀਂ ਕੋਸ਼ਿਸ਼ ਨਾ ਕਰੋ*
*ਮੈਨੂੰ ਡਰਾਉਣ ਦੀ*
*ਸੱਚ ਦੇ ਹਸ਼ਰ ਤੋਂ*
*ਮੈਂ ਹਾਂ ਭਲੀ ਭਾਂਤ ਵਾਕਫ*
*——*
*ਉਸ ਜ਼ਿੰਦਾ ਸੱਚ ਨੇ ਹੀ ਤਾਂ*
*ਮੇਰੀ ਕਲਮ ਨੂੰ ਦਿੱਤਾ ਹੈ*
*ਰੂਪ ਚੰਡੀ ਦਾ"*  *(ਸੱਚ ਦਾ ਹਸ਼ਰ)*

ਪੰਜਾਬੀ ਸਾਹਿਤ ਵਿੱਚ ਨਿਵੇਕਲੀ ਪਛਾਣ ਰੱਖਦੀ ਪਰਮਿੰਦਰ ਸਵੈਚ ਨੇ "ਲਹਿਰਾਂ ਦੀ ਵੇਦਨਾ" ਕਾਵਿ ਸੰਗ੍ਰਹਿ ਰਾਹੀਂ ਸਾਹਿਤ ਪ੍ਰੇਮੀਆਂ ਦੀ ਕਚਹਿਰੀ ਵਿੱਚ ਇੱਕ ਵਾਰ ਫੇਰ ਦਸਤਕ ਦਿੱਤੀ ਹੈ। ਕਾਲਜ਼ਾਂ, ਯੂਨੀਵਰਸਿਟੀਆਂ, ਪਿੰਡਾਂ, ਸ਼ਹਿਰਾਂ ਅਤੇ ਦੇਸ਼-ਵਿਦੇਸ਼ ਵਿੱਚ ਬਹੁਤ ਸਾਰਾ ਸਾਹਿਤ ਰਚਿਆ ਜਾ ਰਿਹਾ ਹੈ। ਅਕਾਦਮਿਕ ਅਦਾਰਿਆਂ ਦਾ ਸਾਹਿਤ, ਕਲਾ ਤੇ ਸੁਹਜ ਪੱਖੋਂ ਤਾਂ ਉੱਚ ਪਾਏ ਦਾ ਹੁੰਦਾ ਹੈ ਪਰ ਆਮ ਲੋਕਾਂ ਦੀ ਪਹੁੰਚ ਅਤੇ ਸਮਝ ਤੋਂ ਕੋਹਾਂ ਦੂਰ ਹੁੰਦਾ ਹੈ। ਪਿੰਡਾਂ, ਸ਼ਹਿਰਾਂ ਜਾਂ ਦੇਸ਼ ਵਿਦੇਸ਼ ਦੇ ਸਾਹਿਤ ਵਿੱਚੋਂ ਬਹੁਤ ਸਾਰਾ ਔਰਤ ਦੀ ਦੇਹ, ਔਰਤ ਦੀ ਵਫਾ ਤੇ ਬੇਵਫਾ ਜਾਂ ਔਰਤ ਮਰਦ ਦੇ ਨਜਾਇਜ਼ ਸਬੰਧਾਂ ਦੁਆਲੇ ਹੀ ਘੁੰਮਦਾ ਹੈ। ਬਹੁਤ ਸਾਰੀਆਂ ਔਰਤ ਲੇਖਿਕਾਵਾਂ ਘਰਾਂ ਦੀਆਂ ਚਾਰ-ਦਵਾਰੀਆਂ ਅੰਦਰ ਮਰਦ ਨੂੰ ਕੋਸਣ ਤੱਕ ਹੀ ਸੀਮਤ ਦਿਖਾਈ ਦਿੰਦੀਆਂ ਹਨ ਪਰ ਰਾਜਨੀਤਕ ਪਰਿਵਾਰ ਵਿੱਚ ਪੈਦਾ ਹੋਈ ਤੇ ਲੋਕ ਲਹਿਰਾਂ ਨਾਲ ਜੁੜੀ ਪਰਮਿੰਦਰ ਦਾ ਸਮੁੱਚਾ ਸਾਹਿਤ ਚਾਹੇ ਉਹ ਨਾਟਕ ਹੋਵੇ, ਵਾਰਤਕ ਹੋਵੇ ਜਾਂ ਕਵਿਤਾ ਵਿੱਚ ਆਪਣੀ ਰਾਜਨੀਤਕ ਪ੍ਰਪੱਕਤਾ ਦਿਖਾਉਂਦਿਆਂ ਇੱਕ ਧਿਰ ਜੋ ਲੁੱਟੀ ਜਾ ਰਹੀ ਹੈ, ਦੇ ਹੱਕ ਵਿੱਚ ਹੀ ਲਿਖਿਆ ਨਜ਼ਰ ਆਉਂਦਾ ਹੈ। ਉਸਦੀਆਂ ਕਵਿਤਾਵਾਂ ਦੇ ਵਿਸ਼ੇ ਸਮਾਜਕ, ਵਿਗਿਆਨਕ, ਆਰਥਕ ਤੇ ਰਾਜਨੀਤਕ ਹਨ। ਉਹ ਪੂੰਜੀਵਾਦ, ਸਾਮਰਾਜਵਾਦ, ਮੰਡੀ, ਖਪਤ ਸਭਿਆਚਾਰ ਤੇ ਭੂਮੰਡਲੀਕਰਣ ਆਦਿ ਰਾਜਨੀਤਕ ਵਰਤਾਰਿਆਂ ਤੋਂ ਭਲੀਭਾਂਤ ਵਾਕਫ ਹੀ ਨਹੀਂ ਸਗੋਂ ਇਹਨਾਂ ਖਿਲਾਫ਼ ਉੱਠਦੀਆਂ ਲਹਿਰਾਂ ਵਿੱਚ ਸਰਗਰਮ ਭੂਮਿਕਾ ਨਿਭਾਉਂਦੀ ਹੈ ਜਦਕਿ ਕੈਨੇਡਾ ਵਰਗੇ ਦੇਸ਼ ਵਿੱਚ ਆ ਕੇ ਲੋਕ ਰੋਟੀ ਰੋਜ਼ੀ ਦੇ ਚੱਕਰਾਂ ਵਿੱਚ ਆਪਣਾ ਵਿਅਕਤੀਤਵ ਗੁਆ ਦਿੰਦੇ ਹਨ। ਉਸਨੂੰ ਇਹ ਸਭ ਕੁੱਝ ਕਰਨਾ ਤਾਂ

ਹੀ ਸੰਭਵ ਹੈ ਕਿ ਉਸਦੇ ਜੀਵਨ ਸਾਥੀ ਮਲਕੀਤ ਤੇ ਬੱਚਿਆਂ ਦਾ ਪੂਰਾ ਪੂਰਾ ਸਹਿਯੋਗ ਹਮੇਸ਼ਾਂ ਉਸਦੇ ਨਾਲ ਹੁੰਦਾ ਹੈ। ਕੈਨੇਡਾ ਦੇ ਮੱਧਵਰਗੀ ਜੀਵਨ ਨੂੰ ਬਿਆਨ ਕਰਦੀ ਕਵਿਤਾਃ-

*"ਢਿੱਡ ਨੂੰ ਗੰਢਾਂ ਦੇ ਦੇ*
*ਨਵੇਂ ਸੁਪਨੇ ਸਿਰਜਦਾ*
*ਮਹਿਲ ਉਸਾਰਦਾ*
*ਉਸਰਿਆਂ ਦੀ ਢਾਹ ਭੰਨ ਕਰਦਾ*
*ਤੇ ਮੁੜ ਆਥਣ ਨੂੰ ਫਿਰ*
*ਮੌਤ ਨਾਲ ਅਠਖੇਲ੍ਹੀਆਂ ਕਰਦਾ*
*ਕਰਦਾ ਸੌਂ ਜਾਂਦਾ"* *(ਮੱਧ ਵਰਗੀ ਜੀਵਨ)*

ਮਸ਼ੀਨੀ ਯੁੱਗ ਵਿੱਚ ਮਨੁੱਖ ਨਿੱਤ ਦੀਆਂ ਲੋੜਾਂ, ਘਰਾਂ, ਕਾਰਾਂ ਦੀਆਂ ਕਿਸ਼ਤਾਂ, ਹਾਈਡਰੋ, ਪਾਣੀ ਦਾ ਬਿੱਲ, ਬੱਚਿਆਂ ਦੀਆਂ ਸਮਾਜਕ ਤੇ ਆਰਥਕ ਲੋੜਾਂ ਲਈ ਕੋਹਲੂ ਦੇ ਬੈਲ ਵਾਂਗ ਮਸ਼ੀਨਾਂ ਨਾਲ ਮਸ਼ੀਨ ਬਣਕੇ ਰਹਿ ਗਿਆ ਹੈ। ਉਹ ਮਹਿਲ ਉਸਾਰਦਾ ਤਾਂ ਹੈ ਪਰ ਘਰ ਦੀਆਂ ਕਿਸ਼ਤਾਂ ਟੁੱਟਣ ਕਰਕੇ, ਘਰ ਬੈਂਕ ਨੂੰ ਨਾ ਚਲਾ ਜਾਵੇ ਉਹ ਦਿਨ ਰਾਤ ਇੱਕ ਕਰ, ਕਮਾਈ ਕਰਦਾ ਹੈ ਸਾਰੇ ਸੁੱਖ ਅਰਾਮ ਤਿਆਗ ਕੇ, ਪਰਮਿੰਦਰ ਆਪਣੀ ਕਲਮ ਰਾਹੀਂ ਇਵੇਂ ਬਿਆਨਦੀ ਹੈ।

*"ਮਸ਼ੀਨੀ ਯੁੱਗ ਵਿੱਚ*
*ਮਸ਼ੀਨਾਂ ਨੇ ਕੁੱਲੀ, ਗੁੱਲੀ ਤੇ*
*ਜੁੱਲੀ ਦੇ ਅਰਥਾਂ ਨੂੰ*
*ਲਿਆ ਹੈ ਸਮੇਟ*
*ਮੈਂ ਵੀ ਹੁਣ ਚਲਦੀ ਫਿਰਦੀ*
*ਮਸ਼ੀਨ ਹੀ ਹਾਂ*
*ਇਹ ਮੇਰਾ ਸੁਪਨਿਆਂ ਦਾ*
*ਘਰ ਜਾਂ ਮਕਾਨ ਨਹੀਂ*
*ਇਹ ਤਾਂ ਰੈਸਟ ਹਾਊਸ ਹੈ"* *(ਮਕਾਨ ਜਾਂ ਰੈਸਟ ਹਾਊਸ)*

ਲੋਭ, ਮੋਹ, ਸਵਾਰਥ ਤੇ ਖੁਦਗਰਜ਼ੀ ਵਸ ਮਨੁੱਖ ਆਪਣੇ ਕਿਰਦਾਰ ਤੋਂ ਬਹੁਤ ਥੱਲੇ ਡਿੱਗ ਪਿਆ ਹੈ, ਹੈਵਾਨੀਅਤ ਦਾ ਨਾਚ ਨੱਚਦਿਆਂ ਉਸਨੇ ਕੁਦਰਤ ਨਾਲ ਹੀ ਖਿਲਵਾੜ ਨਹੀਂ ਕੀਤਾ, ਸਗੋਂ ਉਸਨੇ ਪਸ਼ੂ, ਪੰਛੀਆਂ ਤੇ ਜਾਨਵਰਾਂ ਤੱਕ ਨੂੰ ਵੀ ਨਹੀਂ ਬਖਸ਼ਿਆ। ਉਸ ਦੀਆਂ ਰਚਨਾਵਾਂ ਗੰਧਲਾਪਣ, ਗਿਰਝਾਂ, ਜੜ੍ਹਾਂਹੀਣ, ਮੈਂ ਤੇ ਤੂੰ, ਮੈਂ ਜਾਨਵਰ ਹਾਂ ਆਦਿ ਇਸਦੀ ਤਰਜ਼ਮਾਨੀ ਕਰਦੀਆਂ

ਹਨ। ਉਹ ਆਪਣੇ ਘਿਨਾਉਣੇ ਅਪਰਾਧਾਂ ਲਈ ਜਾਨਵਰਾਂ ਨਾਲ ਆਪਣੀ ਤੁਲਨਾ ਕਰਦਾ ਹੈ, ਜਾਨਵਰਾਂ ਦੇ ਦੁੱਖਾਂ ਨੂੰ ਬਿਆਨ ਕਰਦੀ ਇਹ ਕਵਿਤਾ

*"ਮੈਂ ਹੈਰਾਨ ਪ੍ਰੇਸ਼ਾਨ ਹਾਂ ਕਿ*
*ਕੌਣ ਬਦਲ ਰਿਹਾ ਹੈ ਮੇਰੀ ਪਰਿਭਾਸ਼ਾ"* *(ਮੈਂ ਜਾਨਵਰ ਹਾਂ)*

ਖਪਤ ਸਭਿਆਚਾਰ ਤੇ ਮੰਡੀ ਦੇ ਯੁੱਗ ਵਿੱਚ ਮੋਹ ਪਿਆਰ ਖੰਭ ਲਾ ਕੇ ਉਡ ਗਿਆ ਹੈ, ਬਨਾਵਟੀਪਣ ਤੇ ਸਵਾਰਥੀਪਣ ਹੀ ਰਿਸ਼ਤਿਆਂ ਦਾ ਅਧਾਰ ਰਹਿ ਗਿਆ ਹੈ। ਜਿਸਦੀ ਮਿਸਾਲ ਪੇਸ਼ ਹੈ :-

*"ਭੈਣਾਂ ਭਾਈਆਂ ਦੇ ਕੂਹਣੀਆਂ*
*ਮਾਰ ਮਾਰ ਸਾਰੇ ਦੇ ਸਾਰੇ ਸੇਕ ਨੂੰ*
*ਆਪਣੇ ਕਬਜ਼ੇ 'ਚ ਕਰਨਾ*
*ਮੈਂ ਵੀ ਤਾਂ ਇਹ ਕਦੋਂ ਦੀ ਭੁੱਲ ਚੁੱਕੀ ਹਾਂ*
*ਮੰਡੀ ਦੀ ਚਕਾਚੌਂਧ ਵਿੱਚ ਵਿਅਸਤ ਹਾਂ"* *(ਰਿਸ਼ਤੇ ਤੋਲੇ ਮਾਸੇ ਦੇ)*

*ਜਾਂ*

*"ਰਿਸ਼ਤਿਆਂ ਨੂੰ ਨਿਭਾਉਣ ਲਈ*
*ਮਹਿੰਗੇ ਮਹਿੰਗੇ ਤੋਹਫੇ ਦੇ ਕੇ*
*ਰੱਖਣਾ ਚਾਹੁੰਦੀ ਹਾਂ ਜ਼ਿੰਦਾ*
*ਕਿਰਦੇ ਰਿਸ਼ਤਿਆਂ ਨੂੰ"* *(ਅੱਜ ਕੱਲ)*

*ਜਾਂ*

*"ਪਰ ਨਾਲ ਦੇ ਕਮਰਿਆਂ ਵਿੱਚ*
*ਪਏ ਹਨ ਮੇਰੇ ਬੱਚੇ*
*ਘੂਕ ਸੁੱਤੇ, ਕਿਉਂਕਿ*
*ਲਾਈਆਂ ਹਨ, ਉਹਨਾਂ*
*ਰਾਤ ਦੀਆਂ ਸ਼ਿਫਟਾਂ*
*ਗਾਇਬ ਹੈ ਉਹਨਾਂ ਦੇ*
*ਚੇਤਿਆਂ ਵਿੱਚੋਂ*
*ਦਿਨ ਤੇ ਰਾਤ ਦਾ*
*ਹਨ੍ਹੇਰੇ ਤੇ ਚਾਨਣ ਦਾ ਫਾਸਲਾ*
*ਬੇਬਸ ਵਿਚਾਰੇ*
*ਪੈਦਾ ਹੋਏ ਹਨ*
*use and throw ਦੇ ਜ਼ਮਾਨੇ ਵਿੱਚ"* *(ਬਦਲਦਾ ਮੁਹਾਂਦਰਾਂ)*

ਦੇਹ ਵਿਉਪਾਰ, ਮਨੁੱਖੀ ਤਸਕਰੀ ਵਰਗੇ ਘਿਨਾਉਣੇ ਅਪਰਾਧ ਸਦੀਆਂ ਤੋਂ ਚਲੇ ਆ ਰਹੇ ਹਨ। ਅੱਜ ਮੰਡੀ ਦੀ ਚਕਾਚੌਂਧ ਵਿੱਚ ਦੁਨੀਆਂ ਦਾ ਕੋਈ ਵੀ ਕੋਨਾ ਨਹੀਂ ਹੈ ਜਿੱਥੇ ਔਰਤ ਨੇ ਇਸ ਤੋਂ ਨਿਜਾਤ ਪਾਈ ਹੋਵੇ। ਇਸ ਦਾ ਰੂਪ ਤੇ ਰੰਗ ਢੰਗ ਵੱਖਰਾ ਹੋ ਸਕਦਾ ਹੈ। ਘਰਾਂ, ਪਿੰਡਾਂ, ਸ਼ਹਿਰਾਂ ਜਾਂ ਕੋਠਿਆਂ ਤੋਂ ਇਲਾਵਾ ਅੱਜ ਇੰਟਰਨੈੱਟ ਰਾਹੀਂ ਵੈਬ ਸਾਈਟਾਂ ਤੇ ਔਰਤ ਦੀ ਦੇਹ ਦਾ ਵਿਉਪਾਰ ਸ਼ਰੇਆਮ ਹੋ ਰਿਹਾ ਹੈ। ਜੋ ਲੋਕ ਰਾਤ ਦੇ ਹਨੇਰਿਆਂ ਵਿੱਚ ਉੱਥੇ ਜਾ ਕੇ ਆਪਣੇ ਮੂੰਹ ਤੇ ਕਾਲਖ ਪੋਤਦੇ ਹਨ ਤੇ ਉਹੀ ਚਿੱਟੇ ਦਿਨ ਉਹਨਾਂ ਔਰਤਾਂ ਨੂੰ ਤ੍ਰਿਸਕਾਰ ਦਾ ਪਾਤਰ ਬਣਾਉਂਦੇ ਹਨ। ਇਸ ਵਿਸ਼ੇ ਤੇ ਪਰਮਿੰਦਰ ਨੇ ਬਹੁਤ ਸਾਰੀਆਂ ਕਵਿਤਾਵਾਂ ਲਿਖ ਉਹਨਾਂ ਦੀ ਅਵਾਜ਼ ਬਣਨ ਦੀ ਕੋਸ਼ਿਸ਼ ਕੀਤੀ ਹੈ।

*"ਮੇਰੇ ਤੇ ਉਂਗਲ ਧਰਨ ਤੋਂ ਪਹਿਲਾਂ*
*ਉਨ੍ਹਾਂ ਤੇ ਉਂਗਲ ਧਰਨ ਦਾ ਹੀਆਂ ਕਰੋ*
*ਸਭ ਪਤਾ ਲੱਗ ਜਾਵੇਗਾ*
*ਕਿ ਮੁਜਰਮ ਕੌਣ ਹੈ ?"* *(ਇੱਕ ਵਾਰ ਪੁੱਛੋ ਤਾਂ ਸਹੀ)*

ਸਦੀਆਂ ਤੋਂ ਹੀ ਔਰਤ ਗੁਲਾਮੀ ਤੇ ਰਹਿਮ ਦੀ ਪਾਤਰ ਰਹੀ ਹੈ। ਗੁਰੂਆਂ ਪੀਰਾਂ ਦੀ ਧਰਤੀ ਭਾਰਤ ਵਿੱਚ ਉਹ ਆਪਣੇ ਹੱਕਾਂ ਤੇ ਸਨਮਾਨ ਲਈ ਟੱਕਰਾਂ ਮਾਰ ਰਹੀ ਹੈ।

*"ਅਗਰ ਇੰਨਾ ਹੀ ਮਹੱਤਵ ਹੁੰਦਾ*
*ਜਨਮ ਦਿਨ ਦਾ*
*ਤਾਂ ਕਿਉਂ ?*
*ਅਛੋਹਪਲੇ ਜਿਹੇ*
*ਗੁੜਤੀ ਦੀ ਥਾਂ*
*ਦਾਈ ਦਾ ਅਗੂੰਠਾ ਘੰਢੀ ਤੇ ਹੁੰਦਾ"* *(ਜਨਮ ਦਿਨ)*

ਪਰਮਿੰਦਰ ਔਰਤ ਦੀ ਇਸ ਹੋਣੀ ਲਈ ਮਰਦ ਨੂੰ ਹੀ ਜ਼ਿੰਮੇਵਾਰ ਨਾ ਸਮਝ ਕੇ ਸਿਸਟਮ ਨੂੰ ਹੀ ਦੋਸ਼ੀ ਠਹਿਰਾਉਂਦੀ ਹੈ। ਇਸਤੋਂ ਨਿਜਾਤ ਪਾਉਣ ਲਈ ਉਹ ਔਰਤ ਨੂੰ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਤੁਰਨ ਲਈ ਪ੍ਰੇਰਦੀ ਹੈ।

*"ਰੰਗ ਬਰੰਗੇ ਬੀਜ ਬੀਜਕੇ-*
*ਚਾਨਣ ਅੱਜ ਖਿੰਡਾ ਦੇਈਏ*
*ਮੋਥਿਆਂ ਤੇ ਨਦੀਨਾਂ ਨੂੰ*
*ਹਿੰਮਤ ਨਾਲ ਪੁਟਾ ਦੇਈਏ*

*ਜਦ ਹੋਜੂ ਜੱਗ ਹਰਿਆ ਭਰਿਆ*
*ਫਿਰ ਗੀਤ ਖੁਸ਼ੀ ਦੇ ਗਾਈਏ*
*ਆ ਦੋਸਤ, ਕੁੱਝ ਬੀਜ ਬੀਜੀਏ*
*ਕਲਮਾਂ ਲਾਈਏ"*

ਜਨਰੇਸ਼ਨ ਗੈਪ ਨੂੰ ਬਹੁਤ ਹੀ ਖੂਬਸੂਰਤ ਢੰਗ ਨਾਲ ਬਿਆਨ ਕਰਦੀ ਇਹ ਕਵਿਤਾ :-

*"ਬੱਚੇ ਉਡਾਰ ਹੋ*
*ਨਿੱਕੀਆਂ ਵੱਡੀਆਂ ਪੜ੍ਹਾਈਆਂ ਪੜ੍ਹ*
*ਖਾਣ ਪਹਿਨਣ ਲੱਗੇ*
*ਜ਼ਮਾਨੇ ਦੀਆਂ ਦੁਸ਼ਵਾਰੀਆਂ ਤੋਂ ਡਰ*
*ਮਾਂ ਵਰਜਣ ਲੱਗੀ*
*ਪੁੱਤ ਜ਼ਮਾਨੇ ਦੀ ਰਫਤਾਰ ਨੂੰ ਦੇਖਣਾ*
*ਬੱਚਿਆਂ ਨੇ ਸੁਭਾਵਕ ਹੀ ਕਿਹਾ,*
*"ਮਾਂ, ਹੁਣ ਅਸੀਂ ਬੱਚੇ ਨਹੀਂ ਰਹੇ"।* *(ਮਾਂ)*

ਔਰਤ ਦੀ ਦੁਰਗਤੀ ਵਿਕਾਸਸ਼ੀਲ ਦੇਸ਼ਾਂ ਭਾਰਤ, ਪਾਕਿਸਤਾਨ, ਬੰਗਲਾ ਦੇਸ਼ ਵਿੱਚ ਹੀ ਨਹੀਂ ਸਗੋਂ ਇੰਗਲੈਂਡ, ਅਮਰੀਕਾ, ਕੈਨੇਡਾ ਵਰਗੇ ਦੇਸ਼ਾਂ ਵਿੱਚ ਜਿੱਥੇ ਇਹ ਲੋਕ ਗਏ ਉੱਥੇ ਆਪਣੀਆਂ ਜਗੀਰੂ ਰੁਚੀਆਂ ਵੀ ਨਾਲ ਲੈ ਕੇ ਹੀ ਗਏ ਇਸੇ ਕਰਕੇ ਕਨੇਡਾ ਵਿੱਚ ਵੀ ਬਹੁਤ ਸਾਰੀਆਂ ਪੰਜਾਬੀ ਕੁੜੀਆਂ ਦੇ ਆਪਣੇ ਹੈਂਕੜਬਾਜ਼ ਪਤੀਆਂ ਹੱਥੋਂ ਬੇਰਹਿਮੀ ਨਾਲ ਕਤਲ ਹੋਏ ਹਨ। ਉਹ ਸਭਿਅਕ ਸਮਾਜ ਦੇ ਮੱਥੇ ਤੇ ਬਹੁਤ ਵੱਡਾ ਕਲੰਕ ਹੈ। ਉਹ ਰਵਿੰਦਰ ਭੰਗੂ ਦੀ ਹੂਕ ਵਿੱਚ ਉਹਨਾਂ ਦਾ ਦਰਦ ਇਉਂ ਬਿਆਨ ਕਰਦੀ ਹੈ।

*"ਮੈਂ ਵਸਤੂ ਤੇ ਨਹੀਂ*
*ਨਾ ਹੀ ਜਾਇਦਾਦ ਹਾਂ*
*ਜਿਸਨੂੰ ਖ਼੍ਰੀਦ ਲਿਆ,*
*ਵਰਤ ਲਿਆ, ਮਾਂਜ ਲਿਆ*
*ਰੱਖ ਲਿਆ, ਲੋੜ ਪਈ ਤੇ ਵੇਚ ਲਿਆ*
*ਤੇ ਪੁਰਾਣੀ ਹੋਈ ਸੁੱਟ ਦਿੱਤਾ"* *(ਰਵਿੰਦਰ ਭੰਗੂ ਦੀ ਹੂਕ)*

ਜਿੱਥੇ ਪੁੱਤਰ ਦੇ ਜਨਮ ਤੇ ਖੁਸ਼ੀਆਂ ਮਨਾਈਆਂ ਜਾਂਦੀਆਂ ਹਨ ਤੇ ਜਵਾਨ ਹੋਣ ਤੇ ਘਿਉ ਦੇ ਦੀਵੇ ਬਾਲੇ ਜਾਂਦੇ ਹਨ ਉੱਥੇ ਕੁੜੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਮਾਰ ਦਿੱਤਾ ਜਾਂਦਾ ਹੈ। ਕੰਮ ਤੇ ਜਾਂਦੀਆਂ ਹਨ ਤਾਂ ਉਹਨਾਂ ਦੀ ਜਵਾਨੀ ਮਾਪਿਆਂ ਦੇ ਮੱਥੇ ਤੇ ਚਿੰਤਾ ਦਾ ਕਾਰਣ ਬਣਦੀ ਹੈ ਤੇ ਸਮਾਜ

ਦੇ ਕੌਝੇਪਣ ਦਾ ਸ਼ੀਸ਼ਾ ਦਿਖਾਉਂਦੀ ਮਾਂ ਧੀ ਨੂੰ ਇਉਂ ਕਹਿੰਦੀ ਹੈ।

*ਧੀਏ ਦਿਸਣਗੇ ਹਰ ਮੋੜ ਉੱਤੇ*
*ਸੁੰਦਰਤਾ ਦੇ ਸ਼ਹਿਨਸ਼ਾਹ*
*ਰਚਾਉਂਦੇ ਨੇ ਡਰਾਮੇ*
*ਮੁਕਾਬਲਾ ਸੁੰਦਰਤਾ ਦਾ*
*ਫਿਰ ਛਲੀਏ ਬਣ*
*ਬਣਾਉਂਦੇ ਹਨ*
*ਜਿਊਂਦੀਆਂ ਜਾਗਦੀਆਂ ਡੰਮੀਆਂ*
*ਜਾਂ ਕਾਠ ਦੀਆਂ ਗੁੱਡੀਆਂ*
*ਜਿਨ੍ਹਾਂ ਦੇ ਸਾਹ ਸੂਤ ਕੇ*
*ਖੜ੍ਹਾ ਸਕਣ ਸ਼ੀਸ਼ਿਆਂ ਦੇ ਪਿੱਛੇ*
*ਦੇ ਸਕਣ ਸੋਨੇ ਦੇ ਪਿੰਜਰੇ ਦੀ ਕੈਦ"* *(ਅਸ਼ੀਰਵਾਦ)*

ਉਸ ਦੀਆਂ ਪ੍ਰਸ਼ਨ, ਤਲਾਸ਼, ਨਿੱਜ ਤੋਂ ਬਜ਼ਾਰ ਤੱਕ, ਲਲਕਾਰ, ਵਰਗੀਆਂ ਕਵਿਤਾਵਾਂ ਔਰਤ ਮੁਕਤੀ ਸੰਘਰਸ਼ ਲਈ ਪ੍ਰੇਰਦੀਆਂ ਹਨ। ਤਰਕਸ਼ੀਲ ਲਹਿਰ ਨਾਲ ਲੰਬੇ ਸਮੇਂ ਤੋਂ ਜੁੜੀ ਹੋਣ ਕਰਕੇ ਪਰਮਿੰਦਰ ਨੇ ਲੋਕਾਂ ਨੂੰ ਅੰਧਵਿਸ਼ਵਾਸ ਤੇ ਜਹਾਲਤ ਤੋਂ ਬਾਹਰ ਨਿਕਲਣ ਲਈ ਵਿਗਿਆਨ ਦਾ ਪੱਲਾ ਫੜਨ ਲਈ ਵੀ ਪ੍ਰੇਰਿਆ ਹੈ।

*"ਉਹ ਹਨ੍ਹੇਰਿਆ ਦਾ ਸਾਥੀ*
*ਸੋਨੇ ਮੜ੍ਹੀਆਂ ਠਾਹਰਾਂ ਵਿੱਚ*
*ਸੁੱਤਾ ਹੈ ਕੁੰਭਕਰਣ ਦੀ ਨੀਂਦੇ"* *(ਮੈਂ ਇਨਕਾਰੀ ਹਾਂ)*
*ਜਾਂ*
*"ਮਨ ਦੇ ਇਸ ਹਨ੍ਹੇਰੇ ਅੰਦਰ*
*ਤਰਕ ਦਾ ਕੋਈ ਦੀਵਾ ਬਾਲ*
*ਜ਼ਿੰਦਗੀ ਹੋ ਜਾਏ ਦੂਧੀਆ ਰੰਗੀ*
*'ਨ੍ਹੇਰੇ ਦਾ ਨਾ ਰਹੇ ਸਵਾਲ*
*ਇੱਕ 'ਨ੍ਹੇਰਾ ਤਾਂ ਬਾਹਰ ਹੁੰਦਾ*
*ਦੂਜਾ ਮਨ ਦਾ ਕੂੜ ਜ਼ੰਜ਼ਾਲ*
*ਦੋਵੇਂ ਨ੍ਹੇਰੇ 'ਕੱਠੇ ਹੋ ਕੇ*
*ਜ਼ਿੰਦਗੀ ਕਰਦੇ ਹਾਲੋਂ ਬੇਹਾਲ*
*ਥਾਂ ਥਾਂ ਦਿਸਣ ਖੋਜਾਂ ਹੀ ਖੋਜਾਂ*
*ਮਨੁੱਖ ਦੀ ਸਿਰਜਣਾ ਬਾ-ਕਮਾਲ"* *(ਹਨ੍ਹੇਰਾ)*

ਪਰਮਿੰਦਰ ਦੀ ਬਹੁਤੀ ਕਵਿਤਾ ਰਾਜਨੀਤਕ ਵਿਸ਼ਿਆਂ ਤੇ ਹੈ। ਇਹ ਉਹਨਾਂ ਕੁੱਝ ਕੁ ਕਵਿੱਤਰੀਆਂ ਵਿੱਚੋਂ ਇੱਕ ਹੈ ਜਿਹਨਾਂ ਨੂੰ ਭਾਰਤ ਦੇ ਨਾਲ ਨਾਲ ਦੁਨੀਆਂ ਭਰ ਦੇ ਰਾਜਨੀਤਕ ਲੋਕ ਦੋਖੀ ਨੀਤੀਆਂ ਦਾ ਪਤਾ ਹੈ। ਉਹ ਜਿੱਥੇ ਰਾਜਨੀਤਕ ਪਲੇਟਫਾਰਮ ਰਾਹੀਂ ਉਹਨਾਂ ਖਿਲਾਫ਼ ਲੜਦੀ ਹੈ। ਉਹਦਾ ਵਿਚਾਰ ਹੈ ਕਿ ਸਰਕਾਰਾਂ ਲੋਕਾਂ ਨੂੰ ਹੋਲੀਆਂ, ਦਿਵਾਲੀਆਂ, ਦੁਸਹਿਰਿਆਂ, ਲੋਹੜੀਆਂ ਤੇ ਨਵੇਂ ਸਾਲ ਦੇ ਜਸ਼ਨਾਂ ਵਿੱਚ ਉਲਝਾ ਕੇ ਉਹਨਾਂ ਤੇ ਨਵੇਂ ਨਵੇਂ ਬਿੱਲ ਠੋਕਦੀਆਂ ਹਨ ਤੇ ਲੋਕ ਖੁਸ਼ੀਆਂ ਮਨਾਉਣ ਵਿੱਚ ਰੁਝੇ ਰਹਿੰਦੇ ਹਨ। ਉਹ ਕਵਿਤਾ ਰਾਹੀਂ ਬਿਆਨ ਕਰਦੀ ਹੈ।

*"ਐਮ. ਐਸ. ਪੀ. ਦਾ 40% ਵਾਧਾ*
*ਬੀ. ਸੀ. ਹਾਈਡਰੋ ਦਾ ਖੂੰਖਾਰ ਜੁਬ੍ਹਾੜਾ*
*ਪ੍ਰੋਪਰਟੀ ਟੈਕਸ ਦਾ ਮੋਟਾ ਟੀਕਾ*
*ਆਈ. ਸੀ. ਬੀ. ਸੀ. ਦਾ ਵੱਡਾ ਬੋਝ*
*ਮੈਦਾਨ ਵਿੱਚ ਕੁੱਦ ਰਹੀਆਂ*
*ਘਰਾਂ ਦੀਆਂ ਕੀਮਤਾਂ"* *(ਨਵਾਂ ਸਾਲ)*

*ਜਾਂ*

*"ਤੋਤਲੀ ਜ਼ਬਾਨ*
*ਬੋਲਾਂ ਦੇ ਰੋਹਲੇ ਬਾਣ ਛੱਡਦੀ*
*ਮੁੱਕੇ ਵਿੱਚ ਜੋਸ਼ ਦਾ ਬਾਰੂਦ*
*ਅੱਖਾਂ ਵਿੱਚ ਅੰਗਾਰ*
*ਦੁਸ਼ਮਣ ਨੂੰ ਲਲਕਾਰ*
*ਜੁਅਰਤ ਦੀ ਭਿਆਲ*
*ਸੱਚ ਦੀ ਅਵਾਜ਼*
*ਟਕਰਾ ਰਹੀ ਹੈ ਤਾਕਤ ਨਾਲ"* *(ਲਲਕਾਰ)*

ਪਰਮਿੰਦਰ ਦੀ ਬਹੁਤ ਹੀ ਪਿਆਰੀ ਕਵਿਤਾ ਲਹਿਰਾਂ ਉਸਦੀ ਆਪਣੀ ਸ਼ਖਸ਼ੀਅਤ ਤੇ ਪੂਰੀ ਢੁੱਕਦੀ ਹੈ। ਕਹਿ ਸਕਦੇ ਹਾਂ ਜੇ ਉਹ ਲਹਿਰ ਬਣ ਜਾਣਾ ਚਾਹੁੰਦੀ ਹੈ ਤਾਂ ਉਹ ਆਪਣੇ ਇਹਨਾਂ ਸ਼ਬਦਾਂ ਤੇ ਪਹਿਰਾ ਵੀ ਦੇ ਰਹੀ ਹੈ।

*"ਉੱਠਦੀ ਹੈ ਪਰਬਲ ਇੱਛਾ*
*ਮੇਰੇ ਮਨ ਵਿੱਚ*
*ਇੱਕ ਲਹਿਰ ਬਣ ਜਾਣ ਦੀ*
*ਮਨੁੱਖਤਾ ਵਿੱਚ ਸਮਾ ਜਾਣ ਦੀ"* *(ਲਹਿਰਾਂ)*

ਪਰਮਿੰਦਰ ਇਨਕਲਾਬ ਦੀ ਹਾਮੀ ਹੈ ਅਤੇ ਉਹ ਇਸ ਲੋਕ ਦੋਖੀ ਰਾਜਨੀਤਕ ਢਾਂਚੇ ਨੂੰ ਮੁੱਢੋਂ ਸੁੱਢੋਂ ਬਦਲ ਕੇ ਲੋਕ ਪੱਖੀ ਨਿਜ਼ਾਮ ਕਾਇਮ ਕਰਨਾ ਚਾਹੁੰਦੀ ਹੈ। ਪੂੰਜੀਵਾਦੀ ਸਾਮਰਾਜਵਾਦੀ ਜੋਕਾਂ ਜੋ ਕਿਰਤੀਆਂ ਦਾ ਲਹੂ ਪੀ ਰਹੀਆਂ ਹਨ, ਤੋਂ ਮੁਕਤੀ ਲਈ ਪਰਮਿੰਦਰ ਅਜਿਹੇ ਲੂਣ ਦੀ ਤਲਾਸ਼ ਵਿੱਚ ਹੈ।

*"ਅੱਜ ਵੀ ਨਿਕਲੀ ਹਾਂ*
*ਅਜਿਹੇ ਲੂਣ ਦੀ ਭਾਲ ਵਿੱਚ*
*ਜੋ ਮਨੁੱਖਤਾ ਨੂੰ*
*ਚੁੰਬੜੀਆਂ ਜੋਕਾਂ ਨੂੰ ਮਾਰ ਸਕੇ*
*ਪਰੇਸ਼ਾਨ ਹਾਂ*
*ਕਿਉਂ ?*
*ਇਹਨਾਂ ਜੋਕਾਂ ਦੀ ਮੌਤ ਤੋਂ*
*ਪਹਿਲਾਂ ਮਰ ਰਹੀ ਹੈ ਮਨੁੱਖਤਾ"*     *(ਲੂਣ ਦੀ ਤਲਾਸ਼)*

ਪਰਮਿੰਦਰ ਨੂੰ ਗਿਲਾ ਹੈ ਕਿ ਕਵਿਤਾ ਸਿਰਫ ਸੁਹਜ ਸੁਹੱਪਣ ਤੇ ਸੁੰਦਰਤਾ ਨੂੰ ਹੀ ਬਿਆਨਣ ਤੱਕ ਸੀਮਤ ਰਹਿ ਰਹੀ ਹੈ ਜੋ ਗਲਤ ਰੁਝਾਨ ਹੈ। ਉਹ ਪੁਰਾਣਾ ਕਥਨ ਕਲਾ ਕਲਾ ਲਈ ਖ਼ਤਮ ਹੋਣਾ ਚਾਹੀਦਾ ਹੈ ਤੇ ਕਲਾ ਤਾਂ ਲੋਕਾਂ ਲਈ ਹੋਣੀ ਚਾਹੀਦੀ ਹੈ ਜੋ ਉਹਨਾਂ ਦੇ ਦੁੱਖਾਂ ਦਰਦਾਂ ਦੀ ਬਾਤ ਪਾਵੇ ਤੇ ਉਹਨਾਂ ਦੀ ਮੁਕਤੀ ਦਾ ਰਾਹ ਦਰਸਾਵਾ ਬਣੇ, ਉਹ ਲਿਖਦੀ ਹੈ:-

*"ਤਸ਼ੱਦਦ, ਪੀੜਾਂ, ਵੈਣ,*
*ਕੀਰਨੇ, ਰੋਹ, ਸੰਘਰਸ਼*
*ਤੁਹਾਨੂੰ ਕਿਉਂ ਨਹੀਂ ਲੱਗਦੇ*
*ਕਵਿਤਾ ਦੀ ਰੂਹ*
*ਇਹ ਤਾਂ ਅੰਗ ਹਨ ਮਨੁੱਖਤਾ ਦੇ"*     *(ਮੇਰੀ ਕਵਿਤਾ)*

ਅਖੌਤੀ ਅਜ਼ਾਦੀ ਦੇ ਗਣਤੰਤਰ ਦਿਵਸ ਤੇ ਏਨੇ ਸਾਲਾਂ ਬਾਅਦ ਵੀ ਲੋਕਾਂ ਦੀ ਮੰਦਹਾਲੀ ਲਈ ਜ਼ਿੰਮੇਵਾਰ ਰਾਜਨੀਤਕ ਪ੍ਰਬੰਧ ਨੂੰ ਕੋਸਦਿਆਂ ਪਰਮਿੰਦਰ ਵਿਅੰਗ ਕਰਦੀ ਹੈ।

*"ਸੱਦਿਆ ਗਿਆ ਹੈ*
*ਦੁਨੀਆਂ ਦਾ ਸਿਰਕੱਢ ਲੁਟੇਰਾ*
*ਲੁਟੇਰਾ ਲੁਟੇਰੇ ਨੂੰ ਜੱਫੀਆਂ ਪਾਵੇਗਾ*
*ਇਹ ਪਹਿਲਾਂ ਵੀ ਹੁੰਦਾ ਸੀ*

*ਹੁਣ ਵੀ ਹੋਵੇਗਾ”* *(ਗਣਤੰਤਰ ਦਿਵਸ)*

ਗ਼ਦਰੀ ਬਾਬਿਆਂ, ਭਗਤ ਸਰਾਭਿਆਂ ਦੀ ਸੋਚ ਨੂੰ ਪ੍ਰਣਾਈ ਹੋਣ ਕਰਕੇ ਪਰਮਿੰਦਰ ਦੀ ਕਵਿਤਾ ਦੁਨੀਆਂ ਦੇ ਹਰ ਕੋਨੇ ਵਿੱਚ ਲੋਕ ਦੋਖੀ ਪ੍ਰਬੰਧ ਖਿਲਾਫ ਇਕੱਠੇ ਹੋ ਕੇ ਜੂਝਣ ਦਾ ਸੱਦਾ ਦਿੰਦੀ ਹੈ।

*“ਅਸੀਂ ਤਾਂ ਯੋਗ ਹਾਂ*
*ਇਨਸਾਨੀ ਸਿਰ ਉਗਾਉਣ ਲਈ*
*ਸਿੱਲ-ਪੱਥਰਾਂ ਵਿੱਚੋਂ ਵੀ*
*ਪਹਿਰਾ ਦੇਣ ਲਈ ਉਹਨਾਂ ਦੇ*
*ਧਰਮ-ਨਿਰਪੱਖਤਾ ਤੇ ਏਕੇ ਦੇ ਸਿਧਾਂਤ ਤੇ*
*ਅਸੀਂ ਹਰਗਿਜ਼ ਮਨਫ਼ੀ ਨਹੀਂ*
*ਜ਼ਰਬਾਂ ਹੋਣਾ ਹੈ,*
*ਜ਼ਰਬਾਂ ਹੋਣਾ ਹੈ,*
*ਜ਼ਰਬਾਂ ਹੀ ਹੋਣਾ ਹੈ”* *(ਅਸੀਂ ਹੁਣ ਜ਼ਰਬਾਂ ਹੋਣਾ ਹੈ)*
*ਜਾਂ*
*“ਮੰਜ਼ਲ ਤੱਕ ਅਪੜਨ ਲਈ*
*ਸਾਹਮਣਾ ਤਾਂ ਪਵੇਗਾ ਕਰਨਾ*
*ਤੂਫ਼ਾਨਾਂ ਤੇ ‘ਨ੍ਹੇਰੀਆਂ ਨਾਲ*
*ਮਲਾਹ ਤੂਫਾਨਾਂ ਤੋਂ ਡਰਕੇ*
*ਛੱਡਦੇ ਨਹੀਂ ਕਦੇ ਪੱਤਣ”* *(ਸਮਾਂ ਮੰਗ ਕਰਦਾ ਹੈ)*

ਉਹ ਲੋਕ ਸ਼ਕਤੀ ਨੂੰ ਮਹਾਨ ਸ਼ਕਤੀ ਮੰਨਦੀ ਹੈ। ਉਸਨੂੰ ਯਕੀਨ ਹੈ ਜਦੋਂ ਲੋਕ ਜਾਗ ਪਏ ਉਹਨਾਂ ਨੇ ਇਸ ਲੁਟੇਰੇ ਰਾਜ ਪ੍ਰਬੰਧ ਨੂੰ ਢਹਿ ਢੇਰੀ ਕਰ ਦੇਣਾ ਹੈ। ਤਾਂਹੀ ਤਾਂ ਉਹ ਕਹਿੰਦੀ ਹੈ-

*“ਉਹ ਤਾਕਤ ਦੇ ਨਸ਼ੇ ਵਿੱਚ*
*ਹੋ ਰਹੇ ਹਨ ਅਣਜਾਣ*
*ਇਸ ਮਿੱਟੀ ਨੂੰ ਲੋੜ ਹੈ*
*ਇੱਕ ਹੀ ਚਿਣਗ ਦੀ*
*ਇੱਕ ਹੀ ਸੀਖ ਦੀ*
*ਇੱਕ ਹੀ ਤਾਅ ਦੀ*
*ਜਿਸਨੇ ਬਣਨਾ ਹੈ ਪੱਕੀ ਇੱਟ*
*ਜਿਸਦੇ ਇੱਕ ਹੀ ਪੱਕੇ ਰੋੜੇ ਨੇ*

*ਬਿੰਨਣਾ ਹੈ ਨਿਸ਼ਾਨਾ*
*ਲੱਗਣਾ ਹੈ ਧੁਰ ਸੀਨੇ ਤੇ"* *(ਗਿੱਲੀ ਮਿੱਟੀ)*

ਭਾਰਤ ਅੰਦਰ ਰੌਲ਼ਾ ਪਿਆ ਹੋਇਆ ਹੈ ਕਿ ਗਿਰਝਾਂ ਮੁੱਕ ਗਈਆਂ ਹਨ। ਪਰਮਿੰਦਰ ਵਿਅੰਗਆਤਮਕ ਤਰੀਕੇ ਨਾਲ ਕਹਿੰਦੀ ਹੈ-

*"ਸ਼ਰਮਾ ਗਈਆਂ ਨੇ ਗਿਰਝਾਂ*
*ਕਿੰਨਾ ਚਿਰ ਪਕਾਉਂਦੀਆਂ ਬੁੱਕੀਂ ਵੜੇ*
*ਮਰ ਮੁੱਕ ਗਈਆਂ ਹੋਣਗੀਆਂ*
*ਚੱਪਣੀ 'ਚ ਨੱਕ ਡੋਬ ਕੇ*
*ਇਸ ਵਰਤਾਰੇ ਨੂੰ ਦੇਖ*
*ਵਿਚਾਰੀਆਂ——"*

ਗੈਂਗਵਾਰ ਨੇ ਭਾਰਤ ਹੀ ਨਹੀਂ ਸਗੋਂ ਵਿਦੇਸ਼ਾਂ ਦੀ ਧਰਤੀ ਕੈਨੇਡਾ, ਅਮਰੀਕਾ, ਇੰਗਲੈਂਡ ਵਰਗੇ ਦੇਸ਼ਾਂ ਵਿੱਚ ਵੀ ਬਹੁਤ ਸਾਰੇ ਘਰਾਂ ਦੇ ਦੀਵੇ ਗੁੱਲ ਕੀਤੇ ਹਨ। ਉਹ ਸਿਸਟਮ ਨੂੰ ਦੋਸ਼ੀ ਠਹਿਰਾਉਂਦੀ ਹੋਈ ਗੈਂਗਵਾਰ ਕਵਿਤਾ ਵਿੱਚ ਕਹਿੰਦੀ ਹੈ-

"ਗੈਂਗਵਾਰ *!*
*ਹੈ ਲੋਕਾਂ ਲਈ ਹਊਆ*
*ਪਰਿਵਾਰਾਂ ਲਈ ਡਰ*
*ਜਵਾਨੀਆਂ ਲਈ ਮੌਤ*
*ਪਾਲ਼ਦੇ ਹਨ ਜਿਸਨੂੰ*
*ਆਪਣੀ ਨਿੱਘੀ ਗੋਦ ਵਿੱਚ*
*ਸਰਮਾਏਦਾਰ, ਪੂੰਜੀਪਤੀ,*
*ਧਨਾਢ, ਦੱਲੇ, ਰਖੇਲਾਂ*
*ਤੇ ਮਾਫੀਏ"* *(ਗੈਂਗਵਾਰ)*

ਪਰਮਿੰਦਰ ਜਾਣਦੀ ਹੈ ਕਿ ਰਾਜ ਨੇਤਾਵਾਂ ਦਾ ਕੋਈ ਦੀਨ ਧਰਮ ਨਹੀਂ ਹੁੰਦਾ। ਉਹ ਸੱਤਾ ਤੇ ਕੁਰਸੀ ਲਈ ਮਨੁੱਖਤਾ ਦਾ ਕਤਲ ਕਰਾਉਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਇੰਨਾ ਸਿੱਧਾ ਤੇ ਸਪਾਟ ਸ਼ਬਦਾਂ ਵਿੱਚ ਲਿਖਣਾ ਉਹ ਇੱਕ ਔਰਤ ਹੋ ਕੇ ਪਰਮਿੰਦਰ ਦੇ ਹਿੱਸੇ ਆਇਆ ਹੈ ਜਿਸਦਾ ਸਾਰੀ ਔਰਤ ਜਾਤ ਨੂੰ ਮਾਣ ਹੈ।

*"ਉਹ ਹਿੰਦੂ, ਮੁਸਲਿਮ ਜਾਂ ਸਿੱਖ ਨਹੀਂ*

*ਉਹ ਤਾਂ ਹਾਕਮ ਹੈ*
*ਉਹਦਾ ਕੋਈ ਧਰਮ ਨਹੀਂ*
*ਜਿਸ ਦਿਨ ਗੱਦੀ ਰਤਾ ਕੁ ਹਿੱਲੇ*
*ਸਾਰੇ ਹਾਕਮ ਅਮਨ ਚੈਨ ਦੇ ਨਾਂ ਦੇ ਉੱਤੇ*
*ਸੂਰ, ਗਊ, ਸਿਗਰਟਾਂ*
*ਸੁਟਾ ਕੇ ਮੰਦਰੀਂ*
*ਪਵਿੱਤਰ ਗਰੰਥਾਂ ਦੀ ਬੇਅਦਬੀ ਕਰ*
*ਲੋਕਾਂ ਨੂੰ ਪਾੜਨ"* *(ਅੱਜ ਦੇ ਖ਼ੁਦਾ)*

ਪਰਮਿੰਦਰ ਰਵਾਇਤੀ ਕਵਿਤਾ ਜੋ ਸਾਹਿਤ ਸਭਾਵਾਂ ਵਿੱਚ ਚਾਹ ਪਕੌੜਿਆਂ ਦੀਆਂ ਚੁਸਕੀਆਂ ਜਾਂ ਮਾਨਾਂ ਸਨਮਾਨਾਂ ਤੱਕ ਹੀ ਸੀਮਤ ਰਹਿ ਰਹੀ ਹੈ, ਨੂੰ ਲਿਖਣ ਤੋਂ ਅਸਮਰੱਥ ਸਮਝਦੀ ਹੈ। ਉਹ ਲਿਖਦੀ ਹੈ–

*"ਦੋ ਸਿੱਪ ਵਾਈਨ ਦੇ ਲੈ ਕੇ*
*ਲਵਾਂ ਦੋਸਤਾਂ ਵਿੱਚ ਬੈਠਣ ਦਾ ਸਕੂਨ*
*ਪਰ ਉਲਟ*
*ਮੇਰੀ ਸੋਚ ਦੇ ਇਹ ਤਿੱਖੇ ਦੰਦ*
*ਮੇਰੀਆਂ ਆਂਦਰਾਂ ਵਲੂੰਧਰ, ਵਲੂੰਧਰ*
*ਧਰਦੇ ਹਨ ਮੇਰੇ ਸਾਹਮਣੇ*
*ਕਰਦੇ ਹਨ ਸਾਰੀ ਦੀ ਸਾਰੀ ਨੂੰ*
*ਖ਼ੂਨ ਵਿੱਚ ਲੱਥ ਪੱਥ"* *(ਗੈਰ ਵਿਦਰੋਹੀ ਕਵਿਤਾ)*
*ਜਾਂ*
*"ਦੋ ਕੁ ਸਾਲ ਵੱਡਾ*
*ਲੰਬੜਾਂ ਦਾ ਮੁੰਡਾ*
*ਸਾਡੀਆਂ ਖ਼ੁਸ਼ੀਆਂ ਦਾ ਵੈਰੀ*
*ਭੱਜ ਕੇ ਵਿਚੋਂ ਦੀ ਲੰਘਦਾ*
*ਅਮੁੱਲੀ ਖ਼ੁਸ਼ੀ ਅਸਾਡੀ*
*ਹੋ ਜਾਂਦੀ ਖੇਰੂੰ ਖੇਰੂੰ"* *(ਡਾਢੇ ਦਾ ਸੱਤੀਂ ਵੀਹੀ ਸੌ)*

ਕੁੱਝ ਹੋਰ 'ਐਨਾ ਸੱਚ ਨਾ ਬੋਲ', 'ਚਗਲ਼ੇ ਵਿਚਾਰ', 'ਅਸੀਮਤ ਭੁੱਖ', 'ਅਜ਼ਾਦ ਫਿਤਰਤ', 'ਦੇਸ਼ ਭਗਤੀ', 'ਭੂਹੇਰਵਾ', 'ਕਿੰਨਾ ਮੁਸ਼ਕਲ ਹੁੰਦਾ ਹੈ', 'ਮੈਂ ਤੇ ਤੂੰ', 'ਸਮਾਂ ਮੰਗ ਕਰਦਾ ਹੈ', 'ਜ਼ਿੰਦਗੀ ਦੀ ਕਵਿਤਾ' ਬਹੁਤ ਹੀ ਪਿਆਰੀਆਂ ਤੇ ਮਹੱਤਵਪੂਰਣ ਕਵਿਤਾਵਾਂ ਹਨ। ਜਿੱਥੇ ਮੈਂ ਪਰਮਿੰਦਰ ਨੂੰ ਉਸਦੇ ਕਾਵਿ ਸੰਗ੍ਰਹਿ ਨੂੰ ਜੀ ਆਇਆਂ ਆਖਦੀ ਹਾਂ ਤੇ ਉਸਨੂੰ ਵਧਾਈ ਦਿੰਦਿਆਂ ਆਸ

ਕਰਦੀ ਹਾਂ ਕਿ ਪਰਮਿੰਦਰ ਦੀ ਕਲਮ ਦਾ ਸਫ਼ਰ ਜਾਰੀ ਰਹੇ। ਉਹ ਹਮੇਸ਼ਾਂ ਹੀ ਹੱਕ ਸੱਚ ਤੇ ਇਨਸਾਫ਼ ਲਈ ਜੂਝਦੇ ਲੋਕਾਂ ਦੀ ਅਵਾਜ਼ ਬਣੇ। ਮੈਂ ਦਿਲੋਂ ਪਾਠਕਾਂ ਨੂੰ ਵੀ ਅਪੀਲ ਕਰਦੀ ਹਾਂ ਕਿ ਉਹ ਇਸ ਲੋਕ ਪੱਖੀ ਗੌਲ਼ਣ ਵਾਲੀ ਕਵਿਤਾ ਨੂੰ ਜਰੂਰ ਪੜ੍ਹਨ।

***-ਜਸਵੀਰ ਮੰਗੂਵਾਲ***

# ਕਵਿਤਾ ਮੇਰਾ ਸ਼ੌਂਕ ਨਹੀਂ, ਮੇਰਾ ਕਰਮ ਹੈ

ਮੇਰਾ ਪਹਿਲਾ ਕਾਵਿ ਸੰਗ੍ਰਹਿ "ਮਖੌਟਿਆਂ ਦੇ ਆਰ ਪਾਰ" ਛਪਣ ਤੋਂ ਬਾਅਦ ਬਹੁਤ ਸਾਰੇ ਸਾਹਿਤਕਾਰਾਂ, ਸਾਹਿਤ-ਪ੍ਰੇਮੀਆਂ, ਅਲੋਚਕਾਂ ਤੇ ਪਾਠਕਾਂ ਨੂੰ ਮਿਲਣ ਦਾ ਮੌਕਾ ਮਿਲਿਆ। ਜਿਹਨਾਂ ਨੇ ਵਡਮੁੱਲੇ ਪਿਆਰ ਦੇ ਨਾਲ ਉਤਸ਼ਾਹਤ ਵੀ ਕੀਤਾ ਤੇ ਸੁਝਾਵਾਂ ਦੀ ਦਾਤ ਵੀ ਬਖ਼ਸ਼ੀ। ਜਿਸ ਕਰਕੇ ਅੱਜ ਮੈਂ ਦੂਸਰਾ ਕਾਵਿ ਸੰਗ੍ਰਿਹ "ਲਹਿਰਾਂ ਦੀ ਵੇਦਨਾ" ਤੁਹਾਡੇ ਹੱਥਾਂ ਵਿੱਚ ਦੇਣ ਜਾ ਰਹੀ ਹਾਂ। ਮੈਂ ਆਪਣੇ ਆਪ ਇਹ ਫੈਸਲਾ ਤਾਂ ਨਹੀਂ ਲੈ ਸਕਦੀ ਕਿ ਮੈਂ ਪਹਿਲਾਂ ਨਾਲੋਂ ਵਧੀਆ, ਨਿਵੇਕਲਾ ਜਾਂ ਪ੍ਰਭਾਵਸ਼ਾਲੀ ਲਿਖਿਆ ਹੈ ਕਿਉਂਕਿ ਇਹ ਤਾਂ ਪਾਠਕ ਜਾਂ ਅਲੋਚਕ ਹੀ ਦੱਸ ਸਕਦੇ ਹਨ, ਮੈਂ ਤਾਂ ਸਿਰਫ ਇਹਨਾਂ ਦੀ ਜਨਮਦਾਤੀ ਹੀ ਹਾਂ। ਮੇਰੇ ਪਹਿਲੇ ਕਾਵਿ ਸੰਗ੍ਰਹਿ ਤੋਂ ਬਾਅਦ ਮੈਂ ਜਿਹੜੀ ਪਹਿਲੀ ਕਵਿਤਾ ਲਿਖੀ ਉਹ ਲਹਿਰਾਂ ਸੀ ਜਿਸਨੂੰ ਮੇਰੇ ਆਲੇ ਦੁਆਲੇ ਨੇ ਬਹੁਤ ਸਲਾਹਿਆ ਤਾਂ ਮੇਰੇ ਹੌਂਸਲੇ ਬੁਲੰਦ ਹੋ ਗਏ। ਮੇਰੇ ਮਨ ਵਿੱਚ ਇਹਨਾਂ 5 ਸਾਲਾਂ ਵਿੱਚ ਜੋ ਵੀ ਖਿਆਲ ਜਾਂ ਕਿਸੇ ਗੱਲ ਨੇ ਮੈਨੂੰ ਟੁੰਬਿਆ ਹੈ, ਉਸਨੂੰ ਸ਼ਬਦਾਂ ਵਿੱਚ ਤਰਤੀਬ ਦੇਣ ਦੀ ਕੋਸ਼ਿਸ਼ ਕੀਤੀ ਹੈ। ਮੇਰੇ ਇਸ ਕਾਵਿ ਸੰਗ੍ਰਹਿ ਦੀਆਂ ਰਚਨਾਵਾਂ ਵੱਖ ਵੱਖ ਵਿਸ਼ਿਆਂ ਅਤੇ ਪ੍ਰਸਥਿਤੀਆਂ ਸਬੰਧੀ ਤੁੱਛ ਜਿਹੀ ਸੋਚ ਦੀਆਂ ਮਾਲਕ ਹਨ। ਇਹ ਰਚਨਾਵਾਂ ਮੇਰੀ ਜਨਮ ਭੂਮੀ ਜਾਂ ਕਰਮ ਭੂਮੀ ਨਾਲ ਹੀ ਨਹੀਂ ਜੁੜੀਆਂ ਸਗੋਂ ਵਿਸ਼ਵ ਦੀ ਸਾਰੀ ਮਨੁੱਖਤਾ, ਪਸ਼ੂ-ਪੰਛੀ, ਜੀਵ-ਜੰਤੂ, ਕੀੜੇ-ਮਕੌੜੇ ਅਤੇ ਬਨਸਪਤੀ ਦੇ ਇਰਦ ਗਿਰਦ ਘੁੰਮਦੀਆਂ ਹਨ।

ਵਿਸ਼ਵ ਭਰ ਦੇ ਲੋਕਾਂ ਦੀ ਇਹ ਅਵਾਜ਼ ਹਨ ਜਿਹਨਾਂ ਨੂੰ ਮੈਂ ਸਿਰਫ ਕਲਮਬੱਧ ਕੀਤਾ ਹੈ। ਇਹ ਉਹਨਾਂ ਦੇ ਜਬਰ, ਜ਼ੁਲਮ, ਵਿਤਕਰੇ, ਦਮਨ, ਉਤਪੀੜਨ, ਸ਼ੋਸ਼ਣ, ਬੇਇਨਸਾਫ਼ੀ ਤੇ ਨਾਬਰਾਬਰੀ ਦੀ ਮੂੰਹ ਬੋਲਦੀ ਤਸਵੀਰ ਹਨ। ਹਰ ਇੱਕ ਉਹ ਮੁੱਦਾ ਜੋ ਸੁਚੇਤ ਵਿਅਕਤੀ ਦੀ ਰੂਹ ਨੂੰ ਗਾਹੇ ਵਗਾਹੇ ਟੁੰਬਦਾ ਹੈ ਉਸਨੂੰ ਖੁੱਲ੍ਹੇ ਰੂਪ ਵਿੱਚ ਪਾਠਕਾਂ ਸਾਹਮਣੇ ਪਰੋਸਣ ਦੀ ਕੋਸ਼ਿਸ਼ ਹੈ। ਇਸ ਸਾਮਰਾਜੀ ਸਿਸਟਮ ਵਿੱਚ ਜਿੱਥੇ ਮਨੁੱਖ ਮਸ਼ੀਨ ਬਣ ਕੇ ਇਸ ਉਪਭੋਗਤਾ ਦੀ ਮੰਡੀ ਵਿੱਚ ਆਰਥਿਕ ਪੱਖੋਂ ਟੁਟ ਰਿਹਾ ਹੈ, ਜਿੱਥੇ ਉਹ ਆਪਣੀ ਅਸਿੱਧੀ ਲੁੱਟ ਤੋਂ ਬੇਖਬਰ ਕੋਹਲੂ ਦੇ ਬੈਲ਼ ਵਾਂਗ ਅੱਖਾਂ ਮੀਚ ਕੇ ਜੁੱਟਿਆ ਹੈ, ਉਹਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨ ਦਾ ਨਾਮਾਤਰ ਵਸੀਲਾ ਹੈ। ਮੈਂ ਇਸ ਸੰਗ੍ਰਹਿ ਵਿੱਚ ਵੀ ਆਪਣੇ ਤਰਕ ਦੇ ਨਜ਼ਰੀਏ ਤੋਂ ਆਰਥਿਕ, ਸਮਾਜਿਕ, ਰਾਜਨੀਤਕ, ਇਤਿਹਾਸਕ, ਸਭਿਆਚਾਰਕ, ਧਾਰਮਿਕ ਜਾਂ ਘਰੇਲੂ ਜੀਵਨ ਨਾਲ ਜੁੜਿਆ ਹਰ ਕਿਸਮ ਦਾ ਵਿਸ਼ਾ ਛੂਹਣ ਦੀ ਕੋਸ਼ਿਸ਼ ਕੀਤੀ ਹੈ ਜਿਸ ਨਾਲ ਸਾਡਾ ਜਨ ਜੀਵਨ ਪ੍ਰਭਾਵਤ ਹੁੰਦਾ ਹੈ। ਸਮਾਜ ਵਿੱਚ ਜਿਹੜੀ ਵੀ ਗੱਲ ਸਿੱਧੇ ਜਾਂ ਅਸਿੱਧੇ

ਰੂਪ ਵਿੱਚ ਕਿਰਤ ਦੀ ਲੁੱਟ ਦਾ ਸਾਧਨ ਬਣਦੀ ਹੈ, ਉਹਦੇ ਤੇ ਝਾਤ ਪਵਾਉਣ ਦੀ ਕੋਸ਼ਿਸ਼ ਕੀਤੀ ਹੈ।

ਮੇਰੀ ਕਵਿਤਾ ਮੇਰਾ ਸ਼ੌਕ ਨਹੀਂ ਮੇਰਾ ਕਰਮ ਹੈ ਜਿਸ ਨੂੰ ਮੈਂ ਤਨਦੇਹੀ ਨਾਲ ਪੂਰਾ ਕਰਨ ਦੀ ਇੱਛਾ ਰੱਖਦੀ ਹਾਂ। ਬੁੱਧੀਜੀਵੀ ਇਸ ਵਿੱਚ ਕਈ ਪੱਖਾਂ ਤੋਂ ਢੇਰ ਸਾਰੀਆਂ ਊਣਤਾਂਈਆਂ ਦੇਖਣਗੇ ਤੇ ਹੋਣਗੀਆਂ ਵੀ ਪਰ ਮੈਂ ਸੰਗਰਾਮ ਲਈ ਜੂਝ ਰਹੇ ਲੋਕਾਂ ਦੀ ਆਪਣੀ ਬੋਲੀ ਵਿੱਚ ਉਹਨਾਂ ਨਾਲ ਸਾਧਾਰਣ ਤੇ ਸਾਦੀ ਤਰ੍ਹਾਂ ਕੁੱਝ ਜ਼ਿੰਦਗੀ ਦੇ ਤਜਰਬੇ ਸਾਂਝੇ ਕਰਨ ਦਾ ਆਪਣਾ ਮਾਣ ਸਮਝ ਰਹੀ ਹਾਂ।

ਕੋਈ ਵੀ ਰਚਨਾ ਜਦੋਂ ਪਾਠਕਾਂ ਦੇ ਰੂਬਰੂ ਹੁੰਦੀ ਹੈ ਤਾਂ ਇਕੱਲਾ ਲੇਖਕ ਹੀ ਉਸ ਨੂੰ ਰਚਣ ਦਾ ਦਾਅਵੇਦਾਰ ਨਹੀਂ ਹੁੰਦਾ ਸਗੋਂ ਉਸਦਾ ਆਲਾ-ਦੁਆਲਾ, ਦੋਸਤ-ਮਿੱਤਰ, ਘਰ-ਪਰਿਵਾਰ ਸਭ ਸ਼ਾਮਲ ਹੁੰਦੇ ਹਨ। ਇਸ ਰਚਨਾ ਲਈ ਵੀ ਸਭ ਤੋਂ ਵੱਡਾ ਯੋਗਦਾਨ ਅਜਮੇਰ ਸਿੱਧੂ ਤੇ ਜਸਵੀਰ ਮੰਗੂਵਾਲ ਦਾ ਹੈ ਜਿਹਨਾਂ ਨੇ ਸਮੇਂ ਸਮੇਂ ਤੇ ਮੇਰੀਆਂ ਰਚਨਾਵਾਂ ਪੜ੍ਹੀਆਂ ਤੇ ਸੁਣੀਆਂ ਤੇ ਮੈਨੂੰ ਮੇਰੀਆਂ ਗਲਤੀਆਂ ਦਾ ਅਹਿਸਾਸ ਵੀ ਕਰਵਾਇਆ ਤੇ ਛਪਣ ਦੇ ਸਾਰੇ ਉਪਰਾਲੇ ਵੀ ਕੀਤੇ, ਨਹੀਂ ਤਾਂ ਕਨੇਡਾ ਦੀ ਧਰਤੀ ਤੇ ਬੈਠੇ ਬਿਠਾਏ ਇਹ ਮੇਰੇ ਲਈ ਮੁਸ਼ਕਲ ਸੀ। ਅਜਮੇਰ ਸਿੱਧੂ  ਨੇ ਆਪਣੀ ਸਿਹਤ ਦੇ ਨਾਸਾਜ਼ਗਾਰ ਹੋਣ ਦੇ ਬਾਵਜੂਦ ਵੀ ਮੈਨੂੰ ਭਰੋਸਾ ਦਿਵਾਇਆ ਕਿ ਮੈਨੂੰ ਫਿਕਰ ਕਰਨ ਦੀ ਲੋੜ ਨਹੀਂ, ਕਿਤਾਬ ਛਪ ਜਾਵੇਗੀ। ਮੈਂ ਜਸਵੀਰ, ਭਾਬੀ ਸਾਰਾ ਤੇ ਅਜਮੇਰ ਦਾ ਦਿਲੋਂ ਧੰਨਵਾਦ ਕਰਦੀ ਹਾਂ। ਇਸਤੋਂ ਇਲਾਵਾ ਮੈਂ ਮਲਕੀਤ ਮੇਰੇ ਜੀਵਨ ਸਾਥੀ ਜਿਸਨੇ ਮੈਨੂੰ ਸਮਾਂ, ਹੌਸਲਾ, ਵਿਤੀ ਸਹਾਇਤਾ ਤੇ ਮੇਰਾ ਮਨੋਬਲ ਉੱਚਾ ਰੱਖਣ ਵਿੱਚ ਸਹਾਇਤਾ ਕੀਤੀ ਹੈ ਉਸਦਾ ਧੰਨਵਾਦ ਵੀ ਬਿਆਨਣ ਯੋਗ ਨਹੀਂ। ਧੰਨਵਾਦ ਮੈਨੂੰ ਮੇਰੇ ਤਿੰਨੋਂ ਬੱਚਿਆਂ ਜਾਸਮਿਨ, ਸ਼ਾਨ ਤੇ ਅਨਮੋਲ ਦਾ ਵੀ ਕਰਨਾ ਬਣਦਾ ਹੈ ਜਿਹਨਾਂ ਨੇ ਸਮੇਂ ਦੇ ਨਾਲ ਨਾਲ ਮੈਨੂੰ ਕੰਪਪਿਊਟਰ ਦੇ ਕੰਮ ਦੀਆਂ ਸੇਵਾਵਾਂ ਦਿੱਤੀਆਂ ਹਨ। ਜੇ ਮੈਂ ਈਸਟ ਇੰਡੀਅਨ ਡਿਫੈਂਸ ਕਮੇਟੀ, ਸ਼ਹੀਦ ਭਾਈ ਮੇਵਾ ਸਿੰਘ ਸਪੋਰਟਸ ਐਂਡ ਕਲਚਰਲ ਸੁਸਾਇਟੀ, ਕੇਨੇਡੀਅਨ ਸ਼ਹੀਦ ਭਗਤ ਸਿੰਘ ਮੈਮੋਰੀਅਲ ਐਸੋਸੀਏਸ਼ਨ, ਤਰਕਸ਼ੀਲ਼ ਕਲਚਰਲ ਸੁਸਾਇਟੀ, ਪ੍ਰੋਗਰੈਸਿਵ ਨਾਰੀ ਕਲਚਰਲ ਐਸੋਸੀਏਸ਼ਨ, ਸੰਗਮ ਸਿਸਟਰਜ਼, ਸਾਹਿਤ ਸਭਾ ਸਰ੍ਹੀ, ਕੇਂਦਰੀ ਲਿਖਾਰੀ ਸਭਾ ਉੱਤਰੀ ਅਮਰੀਕਾ, ਲੇਖਕ ਮੰਚ ਆਦਿ ਵਿੱਚ ਇੱਕ ਕਾਰਕੁੰਨ ਦੇ ਤੌਰ ਤੇ ਕੰਮ ਨਾ ਕਰ ਰਹੀ ਹੁੰਦੀ ਤਾਂ ਨਾ ਤਾਂ ਕੋਈ ਜ਼ਿੰਦਗੀ ਦਾ ਤਜਰਬਾ ਹੋਣਾ ਸੀ ਤੇ ਨਾ ਹੀ ਉਤਸ਼ਾਹ ਮਿਲਣਾ ਸੀ ਤੇ ਨਾ ਹੀ ਇਹ ਮੇਰੀ ਚੌਥੀ ਰਚਨਾ ਕਿਤਾਬ ਦੇ ਰੂਪ ਵਿੱਚ ਤੁਹਾਡੇ ਕੋਮਲ ਹੱਥਾਂ ਵਿੱਚ ਪਹੁੰਚਣੀ ਸੀ। ਇਸ ਕਰਕੇ ਮੈਂ ਸਾਰੀਆਂ ਸਭਾਵਾਂ ਦੀ ਦਿਲੋਂ ਕਰਜ਼ਦਾਰ ਹਾਂ। ਕੁੱਝ ਹੋਰ ਸ਼ਖਸ਼ੀਅਤਾਂ ਅੰਮ੍ਰਿਤ ਦੀਵਾਨਾ ਤੇ ਨਿਰਮਲ ਕਿੰਗਰਾ ਜਿਹਨਾਂ ਨੇ ਮੇਰੀ ਕਵਿਤਾ ਪੜ੍ਹ ਕੇ ਆਪਣੇ ਵਿਚਾਰ ਤੁਹਾਡੇ ਨਾਲ ਸਾਂਝੇ ਕੀਤੇ ਹਨ, ਉਹਨਾਂ ਦੀ ਵੀ ਮੈਂ ਰਿਣੀ ਹਾਂ। ਮੇਰੇ ਸਤਿਕਾਰਯੋਗ ਵੀਰ ਜੀ ਇਕਬਾਲ ਪੁਰੇਵਾਲ, ਸੰਤੋਖ ਢੇਸੀ,

ਹਰਭਜਨ ਚੀਮਾ, ਸੁਰਿੰਦਰ ਹੀਰਾ ਤੇ ਅਵਤਾਰ ਗਿੱਲ ਹੋਰਾਂ ਜਿਹਨਾਂ ਦੇ ਸੁਝਾਅ ਮੇਰੀਆਂ ਰਚਨਾਵਾਂ ਲਈ ਹਮੇਸ਼ਾਂ ਹੀ ਸਹੀ ਰਾਹ ਪ੍ਰਦਾਨ ਕਰਦੇ ਹਨ, ਮੈਂ ਇਹਨਾਂ ਸਾਰਿਆਂ ਦੀ ਵੀ ਬਹੁਤ ਧੰਨਵਾਦੀ ਹਾਂ। ਇਸਤੋਂ ਬਾਅਦ ਦਾ ਕੰਮ ਕਿਤਾਬੀ ਰੂਪ ਵਿੱਚ ਤੁਹਾਡੇ ਰੂਬਰੂ ਕਰਨਾ ਤਰਕ ਭਾਰਤੀ ਪ੍ਰਕਾਸ਼ਨ ਦਾ ਹੈ, ਮੈਂ ਅਮਿੱਤ ਮਿੱਤਰ ਤੇ ਮੇਘ ਰਾਜ ਮਿੱਤਰ ਹੋਰਾਂ ਦਾ ਵੀ ਅਤੀ ਧੰਨਵਾਦ ਕਰਦੀ ਹਾਂ। ਅੰਤ ਵਿੱਚ ਜੇ ਕਿਸੇ ਮੱਦਦਗਾਰ ਦਾ ਜਿਕਰ ਕਰਨਾ ਭੁੱਲ ਗਈ ਹੋਵਾਂ ਤਾਂ ਮਾਫ਼ ਜਰੂਰ ਕਰਨਾ। ਇਸ ਆਪਣੀ ਤੁੱਛ ਜਿਹੀ ਲਿਖਤ ਵਿੱਚ ਬਹੁਤ ਸਾਰੀਆਂ ਗਲਤੀਆਂ ਵੀ ਹੋ ਸਕਦੀਆਂ ਹਨ ਸੋ ਤੁਹਾਡੇ ਸੁਝਾਵਾਂ ਤੇ ਸਹਿਯੋਗ ਦੀ ਹਮੇਸ਼ਾਂ ਉਡੀਕ ਵਿੱਚ ਰਹਾਂਗੀ।

***- ਪਰਮਿੰਦਰ ਕੌਰ ਸਵੈਚ***

# ਤਤਕਰਾ


| | |
|---|---|
| 1. ਲਹਿਰਾਂ | 27 |
| 2. ਅਸੀਂ ਹੁਣ ਜ਼ਰਬਾਂ ਹੋਣਾ ਹੈ | 29 |
| 3. ਗੈਰ ਵਿਦਰੋਹੀ ਕਵਿਤਾ | 31 |
| 4. ਗੈਂਗਰੇਪ | 32 |
| 5. ਲੂਣ ਦੀ ਤਲਾਸ਼ | 35 |
| 6. ਬਦਲਦਾ ਮੁਹਾਂਦਰਾਂ | 37 |
| 7. ਅਜ਼ਾਦ ਫਿਤਰਤ | 39 |
| 8. ਡਾਢੇ ਦਾ ਸੱਤੀਂ ਵੀਹੀਂ ਸੌ | 41 |
| 9. ਇੱਕ ਵਾਰ ਪੁੱਛੋ ਤਾਂ ਸਹੀ | 44 |
| 10. ਤਲਾਸ਼ | 47 |
| 11. ਮੈਂ ਚੋਰ ਹਾਂ | 50 |
| 12. ਬਦਲਦੀ ਹਕੀਕਤ | 52 |
| 13. ਅਸ਼ੀਰਵਾਦ | 53 |
| 14. ਮਕਾਨ ਜਾਂ ਰੈਸਟ ਹਾਊਸ | 55 |
| 15. ਕਿੰਨਾ ਮੁਸ਼ਕਿਲ ਹੁੰਦਾ ਹੈ | 59 |
| 16. ਚਗਲ਼ੇ ਵਿਚਾਰ | 61 |
| 17. ਭੂਹੇਰਵਾ | 62 |
| 18. ਜਨਮ ਦਿਨ | 65 |
| 19. ਸਮਾਂ ਮੰਗ ਕਰਦਾ ਹੈ | 67 |
| 20. ਸੋਨੇ ਦੇ ਖੰਭ | 69 |
| 21. ਲਲਕਾਰ | 70 |
| 22. ਗਣਤੰਤਰ ਦਿਵਸ | 71 |
| 23. ਜ਼ਿੰਦਗੀ ਦੀ ਕਵਿਤਾ | 73 |
| 24. ਅੱਜ ਦੇ ਖੁਦਾ | 76 |
| 25. ਅਸੀਮਤ ਭੁੱਖ | 77 |
| 26. ਗੰਧਲਾਪਣ | 79 |
| 27. ਭੁੱਖ | 80 |
| 28. ਕੋਈ ਕਦੋਂ ਤੱਕ | 83 |
| 29. ਦੇਸ਼ ਭਗਤੀ | 84 |
| 30. ਮੈਂ ਤੇ ਤੂੰ | 85 |
| 31. ਹਨ੍ਹੇਰਾ | 86 |
| 32. ਝੂਠ ਕੀ ? | 87 |

33. ਪ੍ਰਸ਼ਨ 89
34. ਨਿੱਜ ਤੋਂ ਬਜ਼ਾਰ ਤੱਕ 90
35. ਸੁਫਨੇ 92
36. ਸਭ ਅੱਛਾ ਹੈ? 93
37. ਬਾਜ਼ 95
38. ਮਾਂ 96
39. ਜੜ੍ਹਾਂਹੀਣ 97
40. ਗੁਸਤਾਖੀ 98
41. ਖਿਆਲ 99
42. ਅੱਜ ਕੱਲ 100
43. ਫਾਸਲੇ 102
44. ਮੈਂ ਇਨਕਾਰੀ ਹਾਂ 103
45. ਰਿਸ਼ਤੇ ਤੋਲੇ ਮਾਸੇ ਦੇ 105
46. ਐਨਾ ਸੱਚ ਨਾ ਬੋਲ ਕਿ ਕੱਲ੍ਹਾ ਰਹਿ ਜਾਵੇਂ 107
47. ਦਲਦਲ 108
48. ਐ ਕਿਰਤੀ 109
49. ਚੀਥੜ੍ਹਿਆਂ ਦੇ ਲਾਲ 110
50. ਮੱਧਵਰਗੀ ਜੀਵਨ 112
51. ਗਿੱਲੀ ਮਿੱਟੀ 113
52. ਵਾਅਦੇ ਤੇ ਵਿਸ਼ਵਾਸ 114
53. ਮੇਰੀ ਕਵਿਤਾ 115
54. ਸੱਚ ਦਾ ਹਸ਼ਰ 117
55. ਵਲਵਲਿਆਂ ਦੀ ਹਾਂਡੀ 119
56. ਗਿਰਝਾਂ 120
57. ਰੁਤਬਾ 121
58. ਮੈਂ ਜਾਨਵਰ ਹਾਂ 124
59. ਰਵਿੰਦਰ ਭੰਗੂ ਦੀ ਹੂਕ 126
60. ਸੱਚ ਤੇ ਝੂਠ 128
61. ਗੈਂਗਵਾਰ 130
62. ਆਸਾਂ ਦੀਆਂ ਕਲਮਾਂ 133
63. ਨਵਾਂ ਸਾਲ 135

## ਲਹਿਰਾਂ

ਮੈਂ ਖਿੜਕੀ ਵਿੱਚ ਬੈਠੀ
ਤੱਕਦੀ ਹਾਂ ਵਿਸ਼ਾਲ ਸਮੁੰਦਰ
ਜਿਸ ਵਿੱਚ ਸਮਾਇਆ ਹੈ ਬਹੁਤ ਕੁੱਝ
ਸਮੁੰਦਰ ਦੀ ਖ਼ੂਬਸੂਰਤੀ
ਮੇਰੀਆਂ ਨਜ਼ਰਾਂ ਵਿੱਚ
ਉਸਦੀਆਂ ਲਹਿਰਾਂ ਹਨ, ਵਲਵਲੇ ਹਨ
ਛੱਲਾਂ ਹਨ, ਤਰੰਗਾਂ ਹਨ
ਮਸਤੀ ਦੇ ਵੇਗ ਵਿੱਚ
ਇੱਕ ਰਫਤਾਰ ਨਾਲ
ਉਹ
ਇੱਕ ਦੂਜੇ ‘ਚ ਮੋਢੇ ਮਾਰਦੀਆਂ
ਹੱਸਦੀਆਂ, ਖੇਡਦੀਆਂ
ਰਮਜ਼ਾਂ ਛੇੜਦੀਆਂ
ਵਲ਼ੇਵੇਂ ਖਾਂਦੀਆਂ
ਜੋ ਸੱਪਾਂ ਵਾਂਗ ਮੇਲ੍ਹਦੀਆਂ
ਉਤਸੁਕ ਹਨ ਇਹ ਲਹਿਰਾਂ
ਇੱਕ ਦੂਜੇ ਤੋਂ ਅੱਗੇ ਜਾਣ ਲਈ
ਆਪਸ ਵਿੱਚ ਸਮਾ ਜਾਣ ਲਈ
ਵਗਾਹ ਮਾਰਦੀਆਂ ਹਨ
ਕੂੜਾ ਕਰਕਟ
ਕੰਢਿਆਂ ਤੇ, ਦੂਰ ਪਰੇ
ਰਹਿਣਾ ਚਾਹੁੰਦੀਆਂ ਹਨ
ਸਵੱਛ, ਨਿਰਮਲ ਤੇ ਸਾਫ਼
ਜੂਝਦੀਆਂ ਹਨ
ਤੂਫ਼ਾਨਾਂ ਨਾਲ, ਭੂਚਾਲਾਂ ਨਾਲ

ਦਿੰਦੀਆਂ ਹਨ ਸੁਨੇਹਾ
ਲੋਕ ਲਹਿਰਾਂ ਨੂੰ
ਇੱਕ ਮਿੱਕ ਹੋਣ ਦਾ
ਛੋਟੀ ਤੋਂ ਵੱਡੀ ਬਣ ਜਾਣ ਦਾ
ਗੰਦ ਨੂੰ ਹੂੰਝਣ ਦਾ
ਟਿਕਾਣੇ ਲਗਾਉਣ ਦਾ
ਏਕਤਾ ਦਾ ਸਬੂਤ
ਤਾਂ ਹੀ ਤਾਂ
ਉਠਦੀ ਹੈ ਪਰਬਲ ਇੱਛਾ
ਮੇਰੇ ਮਨ ਵਿੱਚ
ਇੱਕ ਲਹਿਰ ਬਣ ਜਾਣ ਦੀ
ਮਨੁੱਖਤਾ ਵਿੱਚ ਸਮਾ ਜਾਣ ਦੀ।
✪

## ਅਸੀਂ ਹੁਣ ਜ਼ਰਬਾਂ ਹੋਣਾ ਹੈ

(ਗ਼ਦਰੀ ਬਾਬਿਆਂ ਨੂੰ ਸਮਰਪਤ)

ਉਹ ਜਿਹੜੇ ਥੱਕ ਗਏ ਸਨ
ਦੁੱਖਾਂ, ਦਰਦਾਂ, ਤਕਲੀਫਾਂ ਨੂੰ
ਜਮ੍ਹਾਂ, ਜ਼ਰਬਾਂ, ਤਕਸੀਮਾਂ ਕਰਦੇ
ਪਰ ਕਰ ਦਿੱਤਾ ਸੀ ਜ਼ਿੰਦਗੀ ਨੇ
ਆਪਣੇ ਸਮਿਆਂ ਚੋਂ ਉਨ੍ਹਾਂ ਨੂੰ ਮਨਫ਼ੀ
ਗੁੰਮ ਹੋ ਗਏ ਸਨ ਅਰਥ
ਅਣਖ, ਅਜ਼ਾਦੀ ਤੇ ਸਵੈਮਾਣ ਦੇ
ਜ਼ਿੰਦਗੀ ਰਹਿ ਗਈ ਸੀ
ਸਾਹ ਵਗਣ ਦਾ ਨਾਂ
ਤਾਂ ਭੱਜੇ ਸਨ ਵਿਦੇਸ਼ੀਂ
ਜ਼ਿੰਦਗੀ ਨੂੰ ਜ਼ਰਬਾਂ ਦੇਣ ਲਈ
ਪਰ ਦੂਹਰੀ ਗ਼ੁਲਾਮੀ
ਬਿਗਾਨੇਪਣ ਤੇ ਨਸਲੀ ਆਰਾਂ ਨੇ
ਦੁਆ ਦਿੱਤਾ ਸੀ
ਅਹਿਸਾਸ ਵਤਨ-ਪ੍ਰਸਤੀ ਦਾ
ਚੇਤੇ ਆ ਗਿਆ ਸੀ ਇਤਿਹਾਸ
ਸੀਸ ਤਲੀ ਤੇ ਧਰਨ ਦਾ,
ਤੱਤੀ ਤਵੀ ਤੇ ਸੜ ਮਰਨ ਦਾ
ਜਾਬਰਾਂ ਨਾਲ ਲੜਨ ਦਾ
ਮਜ਼ਲੂਮਾਂ ਸੰਗ ਖੜ੍ਹਨ ਦਾ
ਜਿਊਣ ਤੇ ਮਰਨ ਦਾ
ਫਾਂਸੀਆਂ ਤੇ ਚੜ੍ਹਨ ਦਾ
ਹਿਲਾ ਦਿੱਤੀਆਂ ਸਨ ਜੜ੍ਹਾਂ
ਸੂਰਜ ਦੇ ਨਾਂ ਛਿੱਪਣ ਵਾਲੀ ਸਲਤਨਤ ਦੀਆਂ
ਪੈ ਗਿਆ ਸੀ ਖ਼ਾਨੇ
ਪਾੜੋ ਤੇ ਰਾਜ ਕਰੋ ਦੀ ਨੀਤੀ ਦਾ ਇਲਮ
ਜਾਤ-ਪਾਤ ਤੇ ਧਰਮਾਂ ਤੇ ਵੰਡ ਹੋਣ ਦਾ ਨਤੀਜਾ
ਰਾਜਸੀ ਲੁੱਟ ਖਸੁੱਟ ਦਾ ਮੁਖੌਟਾ

ਤਾਂ ਹੀ ਤਾਂ ਬਣ ਗਏ ਸਨ
ਗੁਰੂ ਅਰਜਨ ਦੇਵ ਤੇ ਗੁਰੂ ਗੋਬਿੰਦ ਸਿੰਘ ਦੇ ਵਾਰਸ
ਲਲਕਾਰਿਆਂ ਸੀ ਜ਼ਾਬਰ ਨੂੰ
ਆਹਮਣਿਓਂ-ਸਾਹਮਣਿਓਂ
ਤਾਂ ਹੀ ਤਾਂ ਜ਼ਿੰਦਾ ਨੇ ਇਤਿਹਾਸ ਵਿੱਚ।
ਅਸੀਂ ਜੋ ਭੁੱਲ ਬੈਠੇ ਹਾਂ ਇਤਿਹਾਸ
ਉਡੀਕਦੇ ਹਾਂ ਕਬੂਤਰ ਵਾਂਗ
ਅੱਖਾਂ ਮੀਟ ਆਫਤ ਦੇ ਟਲ਼ ਜਾਣ ਦਾ ਸਮਾਂ
ਬਚਾਉਂਦੇ ਹਾਂ ਆਪਣਾ ਮਾਸ
ਵੱਟ ਕੇ ਦੜ੍ਹ, ਦੁਬਕ ਜਾਂਦੇ ਹਾਂ
ਡੰਗ ਟਪਾਉਣ ਲਈ,
ਬਿਨ੍ਹਾਂ ਸਿਰਾਂ ਦੇ ਜਿਊਣ ਲਈ
ਮੁਨਕਰ ਹੋ, ਡਰਦੇ ਹਾਂ
ਉਸ ਇਤਿਹਾਸ ਦੇ ਪੰਨੇ ਫਰੋਲਣ ਤੋਂ
ਜਿਹੜਾ ਰਚਿਆ ਗਿਆ ਸੀ
ਸਾਨੂੰ ਆਪਣੇ ਵਾਰਸ ਸਮਝ
ਅਸੀਂ ਵਿਦਰੋਹ ਜਾਂ ਬਗ਼ਾਵਤ ਦਾ ਨਾਂ ਸੁਣ
ਬਣ ਜਾਂਦੇ ਹਾਂ ਸਿੱਲ-ਪੱਥਰ ਜਿਊਂਦੇ ਜੀਅ
ਦੋਸਤੋ ਅਸੀਂ---
ਗ਼ਦਰੀ ਬਾਬਿਆਂ ਦੇ ਵਾਰਸ
ਭਗਤ ਸਰਾਭਿਆਂ ਦੇ ਵਾਰਸ
ਅਸੀਂ ਤਾਂ ਯੋਗ ਹਾਂ,
ਇਨਸਾਨੀ ਸਿਰ ਉਗਾਉਣ ਲਈ
ਸਿੱਲ-ਪੱਥਰਾਂ ਵਿੱਚੋਂ ਵੀ
ਪਹਿਰਾ ਦੇਣ ਲਈ ਉਹਨਾਂ ਦੇ
ਧਰਮ-ਨਿਰਪੱਖਤਾ ਤੇ ਏਕੇ ਦੇ ਸਿਧਾਂਤ ਤੇ
ਅਸੀਂ ਹਰਗਿਜ਼ ਮਨਫ਼ੀ ਨਹੀਂ
ਜ਼ਰਬਾਂ ਹੋਣਾ ਹੈ,
ਜ਼ਰਬਾਂ ਹੋਣਾ ਹੈ,
ਜ਼ਰਬਾਂ ਹੀ ਹੋਣਾ ਹੈ।
✪

## ਗੈਰ ਵਿਦਰੋਹੀ ਕਵਿਤਾ

ਕਈ ਵਾਰ ਕਰਦੀ ਹਾਂ ਕੋਸ਼ਿਸ਼
ਕਿ ਆਪਣੀ ਸੋਚ ਦੇ ਤਿੱਖੇ ਦੰਦ ਤੇ ਨਹੁੰਦਰਾਂ
ਕੱਟ ਕੇ ਲਿਖਾਂ ਹੁਣ
ਗੈਰ ਵਿਦਰੋਹ ਦੀ ਕਵਿਤਾ
ਤੇ ਸ਼ਾਮਲ ਹੋ ਜਾਵਾਂ
ਮਾਨਾਂ, ਸਨਮਾਨਾਂ ਦੀ ਭੀੜ ਵਿੱਚ
ਘੁੱਲ ਮਿਲ ਜਾਵਾਂ ਵਗਦੇ
ਦਰਿਆਵਾਂ ਦੇ ਪਾਣੀਆਂ ਵਿੱਚ
ਦੋ ਸਿੱਪ ਵਾਈਨ ਦੇ ਲੈ ਕੇ
ਲਵਾਂ ਦੋਸਤਾਂ ਵਿੱਚ ਬੈਠਣ ਦਾ ਸਕੂਨ
ਪਰ ਉਲਟ
ਮੇਰੀ ਸੋਚ ਦੇ ਇਹ ਤਿੱਖੇ ਦੰਦ
ਮੇਰੀਆਂ ਆਂਦਰਾਂ ਵਧੂੰਦਰ, ਵਧੂੰਦਰ
ਧਰਦੇ ਹਨ ਮੇਰੇ ਸਾਹਮਣੇ
ਕਰਦੇ ਹਨ ਸਾਰੀ ਦੀ ਸਾਰੀ ਨੂੰ
ਖ਼ੂਨ ਵਿੱਚ ਲੱਥ ਪੱਥ
ਨੋਚ ਲੈਂਦੇ ਹਨ
ਮੇਰੀਆਂ ਲਲਚਾਈਆਂ ਨਜ਼ਰਾਂ 'ਚੋਂ ਤਗ਼ਮੇ
ਖਿੱਚ ਲੈਂਦੇ ਨੇ ਮੇਰੇ ਮੋਢਿਆਂ ਤੋਂ
ਲੋਈਆਂ, ਸ਼ਾਲਾਂ ਦਾ ਅਣਮਿਣਵਾਂ ਭਾਰ
ਭਰਦੇ ਹਨ ਮੇਰੇ ਖੰਭਾਂ ਵਿੱਚ ਉਡਾਨ
ਲਿਖਣ ਲੱਗਦੀ ਹਾਂ ਫਿਰ
ਉਹੀ ਵਿਦਰੋਹੀ ਕਵਿਤਾ
ਜੋ ਬਲੱਡ ਕੈਂਸਰ ਵਾਂਗ
ਰਚ ਗਈ ਹੈ ਮੇਰੇ ਜਿਸਮ ਵਿੱਚ।
✪

## ਗੈਂਗਰੇਪ

ਮਾਂ ਨੇ ਕਿਹਾ ਸੀ,
"ਧੀਏ ਖਿਆਲ ਰੱਖੀਂ,
ਕਾਲ਼ੀਆਂ ਹਨੇਰੀਆਂ ਤੇ ਮਾਰੂ ਝੱਖੜਾਂ ਤੋਂ"
ਮੈਂ ਹੱਸ ਕੇ ਕਿਹਾ,
"ਮੇਰੇ ਕੋਲ਼ ਹੈ, ਕਿਹੜਾ ਕੀਮਤੀ ਸਮਾਨ
ਮਾਂ ਤੂੰ ਫਿਕਰ ਨਾ ਕਰ,
ਹੁਣ ਔਰਤ ਮਰਦ ਨੇ ਇੱਕ ਸਮਾਨ
ਅਸੀਂ ਲੋਕਤੰਤਰ ਢਾਂਚੇ ਦੇ ਵਾਸੀ ਮਹਾਨ
ਨਾ ਕਰ ਸਕੇ ਕੋਈ ਮੇਰਾ ਨੁਕਸਾਨ
ਮੇਰੇ ਕੋਲ਼ ਹੈ ਗਿਆਨ ਭੰਡਾਰ ਤੇ ਲੰਮੀ ਉਡਾਣ
ਨਾ ਮੈਂ ਪੈਰ ਦੀ ਜੁੱਤੀ, ਤੇ ਨਾ ਗੁਲਾਮ
ਹੁਣ ਇੱਥੇ ਲੋਕ ਵਸਦੇ ਨੇ, ਨਹੀਂ ਹੈਵਾਨ"

ਭਰਮ ਭੁਲੇਖਿਆਂ ਤੋਂ ਮੁਕਤੀ ਲੈ
ਵਾਪਸ ਮੁੜੀ ਤਾਂ
ਮਾਸ ਨੋਚ ਦਰਿੰਦਿਆਂ ਨੇ
ਸੁੱਟ ਦਿੱਤੀ ਹੈ ਲਾਵਾਰਸ ਲਾਸ਼
ਕੰਜਕ ਤੋਂ ਤੀਂਵੀ ਬਣਾ
ਬੇਜਾਨ ਵਸਤੂ ਵਾਂਗ
ਫੁੱਟਿਆ ਹੈ ਖੁਸ਼ੀਆਂ ਦਾ ਗੁਬਾਰਾ
ਅੱਧ ਅਸਮਾਨੇ ਖੇਰੂੰ ਖੇਰੂੰ ਹੋਣ ਲਈ
ਵਾਹਿਆ ਗਿਆ ਹੈ ਮੇਰੇ ਅਸਮਾਨੀ ਕੈਨਵਸ ਉੱਤੇ
ਕਾਲ਼ੀ ਸਿਆਹੀ ਦਾ ਪੋਚਾ
ਬੁਣਿਆ ਹੈ ਮੇਰੇ ਮੱਥੇ ਦੀਆਂ ਲਕੀਰਾਂ ਤੇ
ਹਾਕਮੀ ਵਿਰਾਸਤ ਨੇ ਭਿਅੰਕਰ
ਨਹੁੰਦਰਾਂ ਦਾ ਜਾਲ਼

ਪੋਚੀ ਗਈ ਹੈ ਮੱਥੇ ਤੇ
ਕਲੰਕਤ ਸਿਵਿਆਂ ਦੀ ਵਿਰਾਨੀ
ਝੱਖੜ ਤੇ ਹਨੇਰੀਆਂ ਨੇ
ਵਿਛਾ ਦਿੱਤੀਆਂ ਨੇ
ਮੇਰੇ ਰਸਤੇ ਵਿੱਚ ਜ਼ਹਿਰੀਲੀਆਂ ਸੂਲਾਂ
ਯੁੱਧ ਵਿੱਚ ਘਿਰੀ ਹਾਂ
ਇੱਕ ਵਾਰ ਫਿਰ ਦਰੋਪਦੀ ਬਣ
ਬੁਰਛਿਆਂ ਵਿਚਕਾਰ
ਤੁਰਦੀਆਂ ਫਿਰਦੀਆਂ
ਜਿਊਂਦੀਆਂ ਜਾਗਦੀਆਂ ਸੜਕਾਂ
ਬਣ ਗਈਆਂ ਸਨ
ਬੋਲ਼ੀਆਂ, ਗੂੰਗੀਆਂ ਤੇ ਅੰਨ੍ਹੀਆਂ
ਦਬੋਚੀ ਗਈ ਸਾਂ ਮੈਂ
ਲਹੂ ਲਿਬੜੇ ਹੱਥਾਂ ਤੇ ਦੰਦਾਂ ਦੇ ਵਿਚਾਲੇ
ਚਾਨਣਾਂ ਦੀ ਸ਼ਹਿਜ਼ਾਦੀ ਦਾ ਨੰਗੇਜ਼ ਤੱਕ
ਚਾਨਣੀ ਵੀ ਹੋਈ ਸੀ ਸ਼ਰਮਸ਼ਾਰ

ਮੇਰੀ ਹਥੇਲੀ ਤੇ ਸਿਰ ਰੱਖ ਕੇ
ਸੌਂਣ ਵਾਲਾ ਸਮਾਂ
ਉੱਡ ਗਿਆ ਹੈ ਪੰਖੇਰੂ ਬਣ
ਹੁਣ ਰਾਤ ਕਦੇ ਵੀ ਨਾ ਕਰੇਗੀ
ਤਾਰਿਆਂ ਸੰਗ ਅਠਖੇਲ੍ਹੀਆਂ
ਬਣ ਗਈ ਹਾਂ ਮੈਂ
ਅਖ਼ਬਾਰਾਂ ਦੀ ਮਸਾਲਾ ਲੱਗੀ
ਗੈਂਗਰੇਪ ਦੀ ਲਾਲ ਸੁਰਖੀ
ਛੱਜ 'ਚ ਪਾ ਕੇ ਛੱਟੀ ਜਾਣ ਵਾਲੀ ਔਰਤ ਦੇ
ਪਰਖਚੇ ਉਡ ਰਹੇ ਹਨ ਅੱਧ ਅਸਮਾਨੇ
ਲੋਕਤੰਤਰ ਦੇ ਯੁੱਗ ਵਿੱਚ
ਆਉਣ ਵਾਲਾ ਸਮਾਂ
ਇਸ ਵਲੂੰਧਰੀ ਭੌਂਏ ਉੱਤੇ
ਵਜਾ ਰਿਹਾ ਹੈ

ਰਾਜਨੀਤਿਕ ਪੀਪਨੀ ਵਾਲਾ ਵਾਜਾ
ਸੁਰੀਲੇ ਸੁਰਾਂ ਨਾਲ
ਭਿੰਨ ਭਿੰਨ ਜਾਦੂਗਰੀ ਡਮਰੂ ਲੈ ਕੇ

ਹੁਣ ਮਾਂ ਦੀ ਪਹਾੜ ਜਿੱਡੀ ਚਿੰਤਾ
ਬਣ ਗਈ ਹੈ ਦੁੱਖਾਂ ਦੀ ਸਿੱਲ ਪੱਥਰ
ਉਹਦੀਆਂ ਅੱਖਾਂ ਦਾ ਨੀਰ
ਵਹਿ ਤੁਰਿਆ ਹੈ ਹੜ੍ਹਾਂ ਵਾਂਗ
ਉਸਦੇ ਸਵਾਲਾਂ, ਜਵਾਬਾਂ ਤੇ ਨਸੀਅਤਾਂ
ਨੂੰ ਲੱਗ ਗਏ ਨੇ ਜਿੰਦਰੇ
ਮੈਂ ਗਵਾ ਆਈ ਹਾਂ
ਇੱਜ਼ਤ, ਆਬਰੂ ਤੇ ਇਮਾਨ
ਔਰਤ ਤੇ ਮਰਦ ਅਜੇ ਨਾ ਇੱਕ ਸਮਾਨ
ਚਾਹੇ ਅਸੀਂ ਲੋਕਤੰਤਰ ਦੇ ਵਾਸੀ ਮਹਾਨ
ਮਾੜੇ ਤਕੜੇ ਦਾ ਪਾੜਾ ਬਲਵਾਨ
ਗਰੀਬ ਦਾ ਇੱਥੇ ਨੁਕਸਾਨ ਹੀ ਨੁਕਸਾਨ
ਔਰਤ ਅਜੇ ਵੀ ਪੈਰ ਦੀ ਜੁੱਤੀ ਤੇ ਗੁਲਾਮ
ਇੱਥੇ ਧਨੀਆਂ ਦੇ ਰੂਪ ਵਿੱਚ ਵਸਦੇ ਹੈਵਾਨ

ਉਸਦੀਆਂ ਅੱਖਾਂ ਦੇ ਸਵਾਲ
ਤੁਹਾਨੂੰ ਸੇਧਤ ਹਨ
ਬਰਾਬਰ ਦੇ ਹੱਕਾਂ ਦੀ ਗੱਲ ਕਰਨ ਵਾਲਿਓ
ਦਰਿੰਦਗੀ ਦਾ ਨੰਗਾ ਨਾਚ ਕਰਨ ਵਾਲਿਓ
ਮਨੁੱਖਤਾ ਦਾ ਘਾਣ ਕਰਨ ਵਾਲਿਓ
ਮਮਤਾ ਦੇ ਟੋਟੇ ਕਰਕੇ ਹਵਾ 'ਚ ਉਛਾਲਣ ਵਾਲਿਓ
ਕੁੱਝ ਤਾਂ ਸ਼ਰਮ ਕਰੋ
ਕੁੱਝ ਤਾਂ ਸ਼ਰਮ ਕਰੋ।

## ਲੂਣ ਦੀ ਤਲਾਸ਼

ਮੇਰੀ ਬਹੁਤ ਹੀ ਸੀਲ ਮੱਝ
ਧਾਰ ਕੱਢਣੀ ਜਦੋਂ ਉਸਦੀ
ਬਿਨ੍ਹਾਂ ਹੀਲ ਹੁੱਜਤ
ਥਾਪੜਾ ਦੇ ਚੋ ਲੈਣੀ
ਹੈਰਾਨੀ ਉਦੋਂ ਹੋਣੀ
ਜਦੋਂ ਕਦੇ ਕਦੇ
ਆਦਤ ਦੇ ਉਲਟ
ਵੀਚਰ ਜਾਣਾ ਤੇ
ਛੜਾਂ ਮਾਰਨੀਆਂ।

ਮੈਂ ਕਿਉਂ ਦੇ ਅਰਥਾਂ
ਵਿੱਚ ਹੋ ਜਾਣਾ ਗੁੰਮ
ਅਰਥਾਂ ਨਾਲ
ਖੌਂਜ਼ਲਦਿਆਂ ਦੇਖਣਾ
ਉਸਦੇ ਕੁੱਲੇ ਵਿੱਚ
ਅਛੋਹਪਲੇ ਜਿਹੇ ਇੱਕ
ਜੋਕ ਖੂਨ ਪੀ ਰਹੀ ਹੁੰਦੀ
ਉਸਨੂੰ ਲਾਹੁਣਾ ਤਾਂ
ਬਿਨ੍ਹਾਂ ਹੀਲ ਹੁੱਜਤ
ਸ਼ਾਂਤ ਮੱਝ ਚੋ ਲੈਣੀ
ਜੋਕ ਤੇ ਲੂਣ ਪਾਉਣਾ
ਉਸਨੇ ਛਟਪਟਾਉਣਾ
ਤੇ ਮਰ ਜਾਣਾ।

ਜੰਗਲ ਬੇਲੇ ਗਾਹੁੰਦਿਆਂ
ਪੁਸਤਕਾਂ ਦਾ ਨਿਰੀਖਣ ਕਰਦਿਆਂ
ਕਲਮ ਦੀ ਜੱਦੋ ਜਹਿਦ
ਪੱਥਰਾਂ ਸੰਗ ਜੂਝਦਿਆਂ
ਅੱਜ ਵੀ ਨਿਕਲੀ ਹਾਂ
ਅਜਿਹੇ ਲੂਣ ਦੀ ਭਾਲ ਵਿੱਚ
ਜੋ ਮਨੁੱਖਤਾ ਨੂੰ
ਚੁੰਬੜੀਆਂ ਜੋਕਾਂ ਨੂੰ ਮਾਰ ਸਕੇ।
ਪਰੇਸ਼ਾਨ ਹਾਂ
ਕਿਉਂ?
ਇਹਨਾਂ ਜੋਕਾਂ ਦੀ ਮੌਤ ਤੋਂ
ਪਹਿਲਾਂ ਮਰ ਰਹੀ ਹੈ ਮਨੁੱਖਤਾ।
✪

## ਬਦਲਦਾ ਮੁਹਾਂਦਰਾਂ

ਚਿੜੀਆਂ ਦੀ ਚੀਂ ਚੀਂ
ਕਾਵਾਂ ਦੀ ਕਾਂ ਕਾਂ
ਪੱਤਿਆਂ ਦੀ ਸਰਸਰਾਹਟ
ਟੱਲੀਆਂ ਦੀ ਖਣਕਾਰ
ਮਿੱਠੀ ਮਿੱਠੀ ਠੰਢੀ
ਰੁਮਕਦੀ ਹਵਾ
ਭਿੰਨੀ ਭਿੰਨੀ ਖੁਸ਼ਬੋ
ਦੁਮੇਲ ਦੇ ਮੁੱਢੋਂ ਛਣ ਰਹੀਆਂ
ਸੁਨਹਿਰੀ ਲਾਲ ਰੱਤੀਆਂ ਕਿਰਣਾਂ
ਕਰਦੀਆਂ ਨੇ ਅਗਾਜ਼,
ਦਿੰਦੀਆਂ ਨੇ ਹੋਕਾ
ਸੂਹੀ ਸਵੇਰ ਦਾ

ਤਨ ਦੀ ਫੁਰਤੀ
ਮਨ ਦੀ ਤਾਜ਼ਗੀ
ਬਖਸ਼ਦੀ ਹੈ ਬਲ
ਮੁੜ ਕੇ ਧੰਦੇ ਲੱਗਣ ਲਈ
ਚੜ੍ਹਦਾ ਹੈ ਜਨੂੰਨ ਕਿਰਤ ਦਾ
ਹੁੰਦੇ ਹਾਂ ਵਾਹੋਦਾਹੀ
ਸ਼ੁਭ ਸਵੇਰ ਦਾ ਲਾਹਾ ਲੈਣ ਲਈ
ਕਰਨਾ ਚਾਹੁੰਦਾ ਹੈ ਸਲਾਮ
ਹਰ ਕੋਈ ਕੁਦਰਤ ਦੇ ਨਿਯਮ ਨੂੰ

ਰਾਤ ਵੇਲੇ ਸੌਣ ਤੇ
ਦਿਨ ਵੇਲੇ ਜਾਗਣ ਨੂੰ
ਪਰ ਨਾਲ ਦੇ ਕਮਰਿਆਂ ਵਿੱਚ
ਪਏ ਹਨ ਮੇਰੇ ਬੱਚੇ
ਘੂਕ ਸੁੱਤੇ, ਕਿਉਂਕਿ
ਲਾਈਆਂ ਹਨ, ਉਹਨਾਂ
ਰਾਤ ਦੀਆਂ ਸ਼ਿਫਟਾਂ
ਗਾਇਬ ਹੈ ਉਹਨਾਂ ਦੇ
ਚੇਤਿਆਂ ਵਿੱਚੋਂ
ਦਿਨ ਤੇ ਰਾਤ ਦਾ
ਹਨ੍ਹੇਰੇ ਤੇ ਚਾਨਣ ਦਾ ਫਾਸਲਾ

ਬੇਬਸ ਵਿਚਾਰੇ
ਪੈਦਾ ਹੋਏ ਹਨ
use and throw ਦੇ ਜ਼ਮਾਨੇ ਵਿੱਚ
ਪਲ਼ ਰਹੇ ਹਨ
ਖਪਤ ਸਭਿਆਚਾਰ ਦੇ ਯੁੱਗ ਵਿੱਚ
ਜਿਸਨੇ ਲਾਲਚ ਦੇ ਵਸ
ਕੀਤੀ ਹੈ ਉਂਗਲ ਸੇਧਤ
ਕੁਦਰਤ ਦੇ ਨਿਯਮਾਂ ਤੇ ਵੀ
ਬਣਾ ਦਿੱਤਾ ਹੈ
ਜੀਂਦਾ ਜਾਗਦਾ ਮਨੁੱਖ
ਸਿਰਫ ਇੱਕ ਮਸ਼ੀਨ,
ਸੋਚ ਤੋਂ ਰਹਿਤ
ਰਾਤ ਦਿਨ ਚੱਲਣ ਵਾਲੀ
ਸਿਰਫ ਇੱਕ ਮਸ਼ੀਨ
✪

## ਅਜ਼ਾਦ ਫਿਤਰਤ

ਇੱਕ ਚਿੜੀ
ਐਧਰੋਂ ਓਧਰ, ਓਧਰੋਂ ਐਧਰ
ਇਸ ਕੋਨੇ ਤੋਂ, ਉਸ ਕੋਨੇ ਤੱਕ
ਉਡਦੀ ਹੈ, ਦਾਣਾ ਚੁਗਦੀ ਹੈ
ਖੰਭ ਖਿਲਾਰਦੀ ਹੈ
ਅਜ਼ਾਦ, ਬੇਝਿਜਕ
ਕੁੱਝ ਕੁ ਲੋਕ
ਕਰ ਦਿੰਦੇ ਹਨ ਬੰਦ ਝਰੋਖੇ,
ਖਿੜਕੀਆਂ ਤੇ ਰੌਸ਼ਨਦਾਨ
ਚਾਹੁੰਦੇ ਹਨ ਫੜਨਾ
ਫੜ ਕੇ ਚਾਹੁੰਦੇ ਹਨ
ਸਿਖਾਉਣਾ, ਬੋਲਣਾ,
ਗਾਉਣਾ, ਖਾਣਾ, ਪੀਣਾ
ਬੈਠਣਾ, ਉਠਣਾ
ਉਹਨਾਂ ਮੁਤਾਬਕ
ਸਾਊ ਚਿੜੀ ਬਣ ਕੇ ਹੀ
ਸਭਿਆ ਸਮਾਜ ਵਿੱਚ ਰਹਿਣਾ
ਹੁਣ ਚਿੜੀ ਘੁੰਮ ਰਹੀ ਹੈ
ਦਾਇਰਿਆਂ ਵਿੱਚ, ਸੀਮਾਵਾਂ ਵਿੱਚ
ਇਸ ਕੋਨੇ ਤੋਂ ਉਸ ਕੋਨੇ
ਇੱਕ ਯਕੀਨ ਨਾਲ,
ਵਿਸ਼ਵਾਸ ਨਾਲ,
ਹੌਂਸਲੇ ਨਾਲ, ਦ੍ਰਿੜਤਾ ਨਾਲ
ਪਿਆਰ ਕਰਦੀ ਹੈ
ਸਿਰਫ ਤੇ ਸਿਰਫ ਆਪਣੀ

ਫਿਜ਼ਾ ਤੇ ਅਜ਼ਾਦੀ ਨੂੰ
ਉਹ ਫੜਫੜਾਉਂਦੀ ਹੈ
ਕੰਧਾਂ ਵਿੱਚ ਵੱਜਦੀ
ਰੌਸ਼ਨਦਾਨਾਂ ਨੂੰ ਤੋੜਨ ਦਾ ਹੀਆਂ ਕਰਦੀ
ਵਿਸ਼ਵਾਸ ਨਾਲ ਸੋਚਦੀ ਹੈ
ਕਿ ਉਹ ਕਮਰੇ ਵਿੱਚ ਬੰਦ
ਜਿੱਤ ਜਾਵੇਗੀ
ਕੰਧਾਂ, ਰੌਸ਼ਨਦਾਨ ਢਾਹ ਦੇਵੇਗੀ
ਮੰਜ਼ਲ ਪਾ ਲਵੇਗੀ
ਮੈਨੂੰ ਵੀ ਉਸਦੀ
ਹਿੰਮਤ, ਵਿਸ਼ਵਾਸ
ਤੇ ਅਜ਼ਾਦੀ ਦੀ ਫਿਤਰਤ
ਬਹੁਤ ਚੰਗੀ ਲੱਗਦੀ ਹੈ।

## ਡਾਢੇ ਦਾ ਸੱਤੀਂ ਵੀਹੀਂ ਸੌ

ਮੇਰੇ ਚੇਤਿਆਂ ਚੋਂ
ਵਿਸਰਿਆ ਨਹੀਂ ਬਚਪਨ
ਅਜੇ ਵੀ –
ਜਦੋਂ ਅਸੀਂ 'ਕੱਠੀਆਂ ਹੋ
ਟੋਬੇ ਦੇ ਕੰਢੇ ਖੇਡਦੀਆਂ ਸਾਂ
ਘਰ ਬਣਾ ਬਣਾ ਕੇ
ਰੇਤ 'ਕੱਠੀ ਕਰਨੀ ਪੈਰਾਂ ਤੇ
ਘੰਟਿਆਂ ਬੱਧੀ ਥਾਪੜਨਾ ਉਸ
ਬਚਾ ਬਚਾ ਕੇ
ਪੈਰ ਅੰਦਰੋਂ ਖਿੱਚਣਾ
ਕੋਠੀ ਬਣਨ ਦਾ ਚਾਅ
ਵਾਗਲ਼ਾ ਬਣਾ
ਕੀਹਦੀ ਕੋਠੀ ਸੋਹਣੀ
ਚਾਅ ਨਾ ਚੱਕਿਆ ਜਾਣਾ।

ਦੋ ਕੁ ਸਾਲ ਵੱਡਾ
ਲੰਬੜਾਂ ਦਾ ਮੁੰਡਾ
ਸਾਡੀਆਂ ਖੁਸ਼ੀਆਂ ਦਾ ਵੈਰੀ
ਭੱਜ ਕੇ ਵਿਚੋਂ ਦੀ ਲੰਘਦਾ
ਅਮੁੱਲੀ ਖੁਸ਼ੀ ਅਸਾਡੀ
ਹੋ ਜਾਂਦੀ ਖੇਰੂੰ ਖੇਰੂੰ
ਅਸੀਂ ਉਸਨੂੰ
ਟੁੱਟ ਪੈਣਾ
ਭਾਈਆਂ ਪਿੱਟਾ

ਵੀਰਾਂ ਵੱਢਾ ਕਹਿ
ਮੁੜ ਸ਼ੁਰੂ ਕਰ ਦੇਣਾ
ਕੋਠੀ ਬਣਾਉਣਾ
ਬਣੀ ਤੇ ਉਸ ਫਿਰ
ਮੁੜ ਉਹੀ ਦੁਹਰਾਉਣਾ
ਸਾਨੂੰ ਗਧੀ ਗੇੜ 'ਚ ਪਾਈ ਰੱਖਣਾ।

ਹੁਣ ਵੀ---
ਮੁੱਠੀ ਭਰ ਲੋਕ
ਸਾਨੂੰ ਹੱਕਾਂ ਤੋਂ ਵਾਂਝਿਆ ਕਰ
ਸਾਡੇ ਸੁਪਨਿਆਂ ਨੂੰ ਨਿਲਾਮ ਕਰ
ਸਾਡੀਆਂ ਨੀਂਦਾਂ ਨੂੰ ਬੇਅਰਾਮ ਕਰ
ਖਪਤਵਾਦ ਪੈਦਾ ਕਰਕੇ
ਮਨਾਂ ਦੀ ਲਾਲਸਾ ਵਧਾ ਕੇ
ਪਾਉਂਦੇ ਨੇ ਉਵੇਂ ਗਧੀ ਗੇੜ ਵਿੱਚ
ਉਦੋਂ ਵੀ ਅਸੀਂ
ਬਚਪਨ ਦੀਆਂ ਗਾਲ਼ਾਂ ਵਾਂਗ
ਚਾਰ ਕੁ ਨਾਹਰੇ ਮਾਰ
ਕਰ ਬਹਿੰਦੇ ਹਾਂ ਚੁੱਪ
ਲੱਗਦੇ ਹਾਂ ਆਪਣੇ ਧੰਦੇ
ਜੇ ਕਿਤੇ ਬਚਪਨ ਵਿੱਚ
ਸਮਝ ਹੁੰਦੀ ਕਿ
'ਕੱਠੇ ਹੋ ਕੇ ਇੱਕ ਵਾਰ
ਤੇ ਸਿਰਫ ਇੱਕ ਵਾਰ
ਗਾਲ਼ਾਂ ਕੱਢਣ ਤੇ
ਅੱਗ ਉਗਲਣ ਦੀ ਬਜਾਇ
ਕਰ ਲੈਂਦੀਆਂ ਦੋ ਹੱਥ
ਤਾਂ ਬੱਲ ਆ ਜਾਣਾ ਸੀ----
ਏਕਤਾ ਦਾ
ਇੱਕਮੁੱਠ ਹੋਣ ਦਾ
ਜ਼ਿੰਦਗੀ ਦਾ ਹਰ ਯੁੱਧ ਲੜਨ ਦਾ

ਗਧੀ ਗੇੜ ਤੋਂ ਛੁੱਟਕਾਰੇ ਦਾ
ਚਾਲਾਂ ਨੂੰ ਸਮਝਣ ਦਾ
ਹੱਕਾਂ ਨੂੰ ਹਾਸਲ ਕਰਨ ਦਾ
ਸੁਪਨਿਆਂ ਨੂੰ ਸਾਕਾਰ ਕਰਨ ਦਾ
ਤੇ ਜ਼ਿੰਦਗੀ ਜਿਊਣ ਦਾ ਵੀ।

## ਇੱਕ ਵਾਰ ਪੁੱਛੋ ਤਾਂ ਸਹੀ

ਉਹ ਕਹਿੰਦੇ ਨੇ ਮੈਨੂੰ
ਮੈਂ ਜਿਸਮ ਵੇਚਦੀ ਹਾਂ
ਭੱਜਦੇ ਨੇ ਮੇਰੇ ਕੋਲੋਂ
ਦੂਰ ਪਰ੍ਹੇ
ਦਿਨ ਦੇ ਵਿੱਚ।
ਹਨੇਰਿਆਂ ਵਿੱਚ
ਮਾਣਦੇ ਨੇ ਰੱਜ ਕੇ ਮੈਨੂੰ
ਉਹ ਡਰਦੇ ਨੇ ਇਸ
ਕੂੜ ਭਰੇ ਸਮਾਜ ਤੋਂ
ਜੋ ਮੈਨੂੰ ਗਲ਼ਿਆ ਸੇਬ ਕਹਿੰਦਾ ਹੈ
ਡਰਦੇ ਨੇ ਮੈਥੋਂ
ਪੈ ਨਾ ਜਾਵੇ
ਪਰਛਾਵਾਂ ਮੇਰਾ
ਉਹਨਾਂ ਦੀ ਧੀ, ਭੈਣ ਜਾਂ ਮਾਂ ਤੇ।

ਐ ਸਮਝਦਾਰੋ
ਮੇਰੇ ਤੇ ਉਂਗਲ ਕਰਨ ਵਾਲਿਓ
ਕਦੇ ਜੀਅ ਕੇ ਵੇਖੋ
ਹੰਢਾ ਕੇ ਵੇਖੋ
ਮੇਰੀ ਜ਼ਿੰਦਗੀ
ਤੜਫ ਕੇ ਰਹਿ ਜਾਉਗੇ
ਪਤਾ ਲੱਗ ਜਾਵੇਗਾ ਤੁਹਾਨੂੰ
ਮੈਂ ਇਕੱਲਾ ਜਿਸਮ ਨਹੀਂ
ਮੈਂ ਤਾਂ ਤਨ ਮਨ ਤੋਂ ਵੀ
ਪਹਿਲਾਂ ਮਜ਼ਬੂਰੀ ਵੇਚਦੀ ਹਾਂ।

ਬਦਨਾਮ ਕਰਦੇ ਹੋ ਮੈਨੂੰ
ਕਿ ਮੈਂ ਕਸੂਰਵਾਰ ਹਾਂ
ਮੈਂ ਜਿਸਮਫਿਰੋਸ਼ੀ ਕਰਦੀ ਹਾਂ
ਇਉਂ ਕਿਉਂ ਨਹੀਂ ਕਹਿੰਦੇ
ਕਿ ਮੈਂ ਚੌਂਹ ਛਿੱਲੜਾਂ ਦੇ ਬਦਲੇ
ਮਰਦਾਨਗੀ ਖ਼੍ਰੀਦਦੀ ਹਾਂ।
ਰਾਤ ਦੇ ਹਨੇਰਿਆਂ ਵਿੱਚ
ਉਹ ਬੇਝਿਜਕ
ਲਾਉਂਦੇ ਨੇ ਬੋਲੀ
ਮਰਦਾਨਗੀ ਦੀ।

ਮੇਰੀਆਂ ਬੁਰਾਈਆਂ
ਗਿਣਨ ਵਾਲਿਓ
ਸੱਚ ਕਦੇ ਵੀ ਸੌਖਿਆਂ
ਸੰਘੋ ਪਾਰ ਨਹੀਂ ਹੁੰਦਾ
ਬੁਰਾਈਆਂ ਨੂੰ ਮਿਠਿਆਈਆਂ
ਵਾਂਗ ਖਾਣ ਦਾ ਸਵਾਦ
ਜੋ ਪੈ ਚੁੱਕਿਆ ਹੈ।
ਸੋਚੋ
ਇੱਕ ਕਲੀ
ਪੱਥਰ ਕਿਉਂ ਬਣੇਗੀ?
ਉਹ ਕਿਉਂ ਨਹੀਂ ਖਿੜੇਗੀ?
ਠੰਢੀ ਠੰਢੀ ਹਵਾ ਤੇ
ਸੂਰਜ ਦਾ ਨਿੱਘ ਲੈਣ ਲਈ।

ਮੇਰੇ ਤੇ ਉਂਗਲ ਧਰਨ ਤੋਂ ਪਹਿਲਾਂ
ਉਨ੍ਹਾਂ ਤੇ ਉਂਗਲ ਧਰਨ ਦਾ ਹੀਆਂ ਕਰੋ
ਸਭ ਪਤਾ ਲੱਗ ਜਾਵੇਗਾ
ਕਿ ਮੁਜ਼ਰਮ ਕੌਣ ਹੈ?
ਕਿਸਨੇ ਮੈਨੂੰ ਪੈਦਾ ਕੀਤਾ ਹੈ?

ਕਿਸਨੇ ਮੇਰੀਆਂ ਅਦਾਵਾਂ ਤੇ
ਫੁੱਲ ਚੜ੍ਹਾਏ ਨੇ?
ਕਿਸਨੇ ਆਪਣੀ ਵਾਧੂ ਪੂੰਜੀ
ਖਰਚਣ ਲਈ
ਇਹ ਅੱਡੇ ਬਣਾਏ ਨੇ?
ਕਿਸਨੇ ਮਨੁੱਖਤਾ ਵਿੱਚ
ਅਮੀਰੀ ਗਰੀਬੀ ਦੇ
ਪਾੜੇ ਵਧਾਏ ਨੇ ?
ਜਿੱਥੇ ਮੇਰੇ ਵਰਗੀਆਂ
ਕੱਚੀਆਂ ਕਲੀਆਂ
ਅੱਧਵਾਟੇ ਹੀ ਵਿਕ ਸਕਣ
ਤੇ ਹਰ ਰੋਜ਼
ਮਰ ਮਰ ਕੇ ਜੀਅ ਸਕਣ।

ਕਦੇ ਪੁੱਛੋ ਤਾਂ ਸਹੀ
ਫਿਰ ਮੈਂ ਕਹਾਂਗੀ
ਤੁਸੀਂ ਮੇਰੇ ਹਿਤੈਸ਼ੀ ਹੋ
ਤੁਸੀਂ ਮੇਰੇ ਹਮਦਰਦ ਹੋ
ਸੱਚੀਂ ਚੰਗੇ ਸਮਾਜ ਦੀ
ਕਾਮਨਾ ਕਰਦੇ ਹੋ
ਇੱਕ ਵਾਰ ਪੁੱਛੋ ਤਾਂ ਸਹੀ
ਇੱਕ ਵਾਰ ਪੁੱਛੋ ਤਾਂ ਸਹੀ।
✪

*(ਜਦੋਂ ਕੋਈ ਲੜਕੀ ਵੇਸਵਾ ਤੋਂ ਆਪਣੇ ਆਪ ਨੂੰ ਬਦਲਦੀ ਹੈ ਤਾਂ ਉਸਦੇ ਕੀ ਖਿਆਲ ਹੋਣਗੇ ਤੇ ਉਹ ਜ਼ਿੰਦਗੀ ਵਿਚੋਂ ਕੀ ਲੱਭੇਗੀ, ਉਹਦੇ ਲਈ ਇਸ ਤੋਂ ਅਗਲੀ ਕਵਿਤਾ 'ਤਲਾਸ਼' ਜ਼ਰੂਰ ਪੜ੍ਹੋ।")*

## ਤਲਾਸ਼
(ਵੇਸਵਾ ਦੇ ਨਾਂ)

ਹਰ ਰੋਜ਼ ਸੜਕ ਕਿਨਾਰੇ
ਲੋਕਾਂ ਨੂੰ ਹੱਥ ਮਾਰ ਮਾਰ
ਸੱਦਣ ਵਾਲੀ ਕੁੜੀ
ਅੱਜ ਠੁਰ ਠੁਰ ਕਰਦੀ
ਕੱਪੜਿਆਂ 'ਚ ਲਿਪਟੀ
ਮੱਥੇ ਤੇ ਚਮਕਦਾ ਨੂਰ
ਉਤਸ਼ਾਹ ਦੀ ਖਾਹਸ਼ ਲੈ
ਚੁਲਬਲੇਪਣ ਦੀ ਮੌਤ ਸੰਗ
ਅਹਿਸਾਸਾਂ ਦੀ ਅਗਨੀ 'ਚ ਬਲਦੀ
ਸੋਚਾਂ ਵਿੱਚ ਗੁੰਮ
ਮੋੜ ਤੇ ਖੜ੍ਹੀ ਹੈ ਡੌਰ ਭੌਰ।

ਲੰਘੇ ਜਾਂਦੇ ਮਰਦ ਨੇ ਪੁੱਛਿਆ–
ਸਾਡੀਆਂ ਰਾਤਾਂ ਦੀਆਂ ਰੰਗੀਨੀਆਂ ਦੀ
ਰਾਜ਼ਦਾਰ ਕੁੜੀਏ!
ਤੈਨੂੰ ਲੋੜ ਹੈ ਮਰਦ ਦੀ ?
ਨਹੀਂ–ਨਹੀਂ–
ਮੈਨੂੰ ਲੋੜ ਹੈ ਹਮਦਰਦ ਦੀ
ਜੋ ਮੇਰੇ ਜ਼ਖ਼ਮਾਂ ਨੂੰ ਸਕੇ ਸਹਿਲਾਅ
ਦੇ ਸਕੇ ਪਿਆਰ ਦਾ ਨਿੱਘ
ਮਰਦ ਤਾਂ ਹਰ ਦਿਨ ਮੇਰੀਆਂ
ਚੱਟਦੇ ਹਨ ਤਲੀਆਂ
ਹਰ ਮਰਦ ਹਮਦਰਦ ਨਹੀਂ ਹੁੰਦਾ।

ਕੜਕਦੀ ਧੁੱਪ ਨੇ ਪੁੱਛਿਆ---
ਇਕੱਲੀ ਖੜ੍ਹੀ ਠੁਰ ਠੁਰ ਕਰਦੀਏ ਕੁੜੀਏ
ਤੈਨੂੰ ਧੁੱਪਾਂ ਦਿਆਂ
ਨਹੀਂ -----ਨਹੀਂ-
ਮੈਨੂੰ ਤਾਂ ਲੋੜ ਹੈ ਸੂਰਜਾਂ ਦੀ
ਜੋ ਮੈਨੂੰ ਦੇ ਸਕੇ ਊਰਜਾ, ਹੌਂਸਲਾ
ਮੇਰੇ ਅਹਿਸਾਸਾਂ ਦੀਆਂ ਗੰਢਾਂ ਨੂੰ
ਕਰ ਸਕੇ ਹੋਰ ਪੀਢੀਆਂ।
ਧੁੱਪਾਂ ਤਾਂ ਮੈਨੂੰ ਹਰ ਰੋਜ਼
ਕਰਦੀਆਂ ਨੇ ਲਹੂ ਲੁਹਾਣ
ਹਰ ਧੁੱਪ ਨਿੱਘ ਹੀ ਨਹੀਂ ਹੁੰਦੀ।

ਕੋਲ ਖੜ੍ਹੇ ਰੁੱਖ ਨੇ ਪੁੱਛਿਆ----
ਐ ਡਾਵਾਂ ਡੋਲ ਕੁੜੀਏ
ਤੈਨੂੰ ਸਹਾਰਾ ਦਿਆਂ
ਨਹੀਂ-----ਨਹੀਂ----
ਮੈਨੂੰ ਤਾਂ ਲੋੜ ਹੈ ਠੰਡੀਆਂ ਮਿੱਠੀਆਂ ਛਾਂਵਾਂ ਦੀ
ਰੁੱਖ ਤਾਂ ਮੇਰੇ ਵਿਹੜੇ
ਵਿੱਚ ਵੀ ਨੇ ਉੱਗੇ
ਪਰ-
ਇਹ ਮੈਨੂੰ ਖੜ੍ਹਨਾ ਸਿਖਾਉਂਦੇ ਨੇ
ਪਰਛਾਂਵਿਆਂ ਸੰਗ ਤੁਰਨਾ ਨਹੀਂ
ਮੈਂ ਤਾਂ ਚਾਹੁੰਦੀ ਹਾਂ
ਵਾਹੋ ਦਾਹ ਤੁਰਨਾ
ਆਪਣਾ ਅਕਸ ਪਛਾਨਣਾ।

ਜੋਬਨ ਰੁੱਤੇ ਖਿੜੇ ਫੁੱਲਾਂ ਨੇ ਪੁੱਛਿਆ----
ਐ ਗਮਗੀਨ, ਉਦਾਸ ਕੁੜੀਏ
ਤੈਨੂੰ ਰੰਗ ਬਰੰਗੇ ਫੁੱਲ ਦਿਆਂ
ਨਹੀਂ ------ਨਹੀਂ---

ਮੈਂ ਤਾਂ ਚਾਹੁੰਦੀ ਹਾਂ
ਫੁੱਲਾਂ ਦੀਆਂ ਮਹਿਕਾਂ ਸੰਗ ਲੱਦੀ ਖੁਸ਼ਬੋਈ
ਜੋ ਮੇਰੇ ਅਹਿਸਾਸਾਂ ਨੂੰ ਹਲੂਣੇ
ਫੁੱਲ ਤਾਂ ਪਲਾਸਟਿਕ ਦੇ ਵੀ
ਰੰਗ ਬਰੰਗੇ ਹੀ ਹੁੰਦੇ ਹਨ
ਮੈਂ ਤਲਾਸ਼ਦੀ ਹਾਂ
ਭਰਿਆ ਭਰਿਆ ਮਹਿਕਾਂ ਛੱਡਦਾ ਜੀਵਨ।

ਠਾਠਾਂ ਮਾਰਦੇ ਸਮੁੰਦਰ ਨੇ ਕਿਹਾ---
ਅਹਿਸਾਸਾਂ ਦੀ ਭੱਠੀ ਵਿੱਚ ਤਪਦੀ ਏ ਕੁੜੀਏ
ਤੈਨੂੰ ਸਮੁੰਦਰ ਦਾ ਠੰਢਾ ਠਾਰ ਆਸਣ ਦਿਆਂ
ਨਹੀਂ -------ਨਹੀਂ-----
ਸਮੁੰਦਰ ਤਾਂ ਕਰ ਦਿੰਦਾ ਹੈ
ਮੇਰੇ ਉਠਦੇ ਵਲਵਲਿਆਂ ਨੂੰ ਸ਼ਾਂਤ
ਮੈਂ ਤਾਂ ਚਾਹੁੰਦੀ ਹਾਂ
ਤੇਰੀਆਂ ਲਹਿਰਾਂ ਸੰਗ ਦੋਸਤੀ
ਜੋ ਮੈਨੂੰ ਤੁਰਨਾ ਸਿਖਾਉਣ
ਜੋ ਮੇਰੇ ਪੁੰਗਰਦੇ ਅਹਿਸਾਸ ਜਗਾਉਣ
ਧੁੱਖਦੇ ਅਹਿਸਾਸਾਂ ਨੂੰ ਸਾਣ ਤੇ ਲਾਉਣ
ਚੁਆਤੀ ਲਾ ਕੇ ਸਿਤਮ ਨੂੰ ਮਾਰ ਮੁਕਾਉਣ
ਭਾਂਬੜ ਬਣ ਨਵਾਂ ਇਤਿਹਾਸ ਰਚਾਉਣ
ਹੀਣ ਭਾਵਨਾ ਮਾਰ ਮੁਕਾਉਣ
ਜਿੱਤ ਦਾ ਪਰਚਮ ਰਲ਼ਕੇ ਲਹਿਰਾਉਣ
ਤਾਂ ਹੀ ਤਾਂ ਮੈਂ ਚਾਹੁੰਦੀ ਹਾਂ
ਤੇਰੀਆਂ ਲਹਿਰਾਂ ਸੰਗ ਦੋਸਤੀ
ਤੇਰੀਆਂ ਲਹਿਰਾਂ ਸੰਗ ਦੋਸਤੀ
✪

## ਮੈਂ ਚੋਰ ਹਾਂ

ਇਹ ਹਕੀਕਤ ਹੀ ਤਾਂ ਹੈ
ਕਿ ਮੈਂ ਚੋਰ ਹਾਂ
ਜਦੋਂ ਮੈਂ ਚੁਰਾ ਕੇ
ਭੱਜਦਾ ਹਾਂ ਗੋਲ ਗੋਲ ਰੋਟੀ
ਸਾਹੋ ਸਾਹ ਹੋਏ ਨੂੰ
ਦਿੰਦੀਆਂ ਹਨ ਲੱਤਾਂ ਜਵਾਬ
ਹਫੇ ਸਾਹਾਂ ਤੋਂ ਮਾਰ ਕੇ ਦਮ
ਲਲਚਾਈਆਂ ਅੱਖਾਂ
ਹੋ ਜਾਂਦੀਆਂ ਹਨ ਖੀਵੀਆਂ
ਰੋਟੀ ਦੇਖ
ਮੂੰਹ ਵਿੱਚ ਭਰ ਆਉਂਦਾ ਹੈ
ਪਾਣੀ ਹੀ ਪਾਣੀ
ਮੂੰਹ ਤੇ ਰੋਟੀ ਪਹੁੰਚਣ ਤੋਂ ਪਹਿਲਾਂ
ਘੁੰਮਦੇ ਹਨ ਅੱਖਾਂ ਮੂਹਰੇ
ਨਿੱਕੇ ਨਿੱਕੇ ਭੁੱਖ ਨਾਲ ਵਿਲਕਦੇ ਬੱਚੇ
ਜੁੱਲੀਆਂ ਵਿੱਚ ਠੁਰ ਠੁਰ
ਕਰਦੇ ਮਾਂ-ਬਾਪ
ਪਾਟੇ ਕੱਪੜਿਆਂ ਵਿੱਚ
ਮੇਰੀ ਜੀਵਨ ਸਾਥਣ
ਉਹ ਫੜ੍ਹਦੇ ਹਨ ਮੈਨੂੰ
ਮੈਂ ਚੋਰੀ ਕਰਕੇ ਭੱਜਿਆ ਹਾਂ
ਸੱਚ ਹੀ ਤਾਂ ਹੈ ਕਿ
ਮੈਂ ਚੋਰ ਹਾਂ, ਨਿਮਾਣਾ ਜਿਹਾ
ਬੁਜ਼ਦਿਲ ਵੀ, ਕਮਜ਼ੋਰ ਵੀ
ਜੇ ਇਹ ਨਾ ਹੁੰਦਾ---
ਤਾਂ ਡਾਕੂ, ਸਾਧ ਜਾਂ ਸਮੱਗਲਰ ਬਣਦਾ

ਦਿਨ ਰਾਤ ਮੇਰੇ ਇਰਦ ਗਿਰਦ
ਬੰਦੂਕਾਂ ਚੁੱਕੀ ਪਹਿਰੇਦਾਰ ਕਰਦੇ ਰਾਖੀ
ਸਰੀਰ ਨਾ ਦਿਮਾਗ ਵਰਤਦਾ
ਗੁਆਂਢੀ ਨੂੰ ਤਾਂ ਕੀ
ਪਤਾ ਨਾ ਦਿੰਦਾ ਲੱਗਣ
ਸੱਜੇ ਤੋਂ ਖੱਬੇ ਹੱਥ ਨੂੰ
ਹੁੰਦਾ ਧੰਦਾ ਪੂੰਜੀਪਤੀਆਂ ਵਰਗਾ
ਕਰਦਾ ਕੰਮ ਇੱਜ਼ਤਦਾਰ
ਤਜੌਰੀਆਂ ਉੱਤੇ ਕੁੰਡਲ ਮਾਰੀ ਬੈਠੇ
ਧੰਨ ਕੁਬੇਰ ਦੀ ਕਰਦਾ ਰੀਸ
ਲ਼ੱਛਮੀ ਮੇਰੇ ਦੁਆਲੇ
ਵਿਛ ਵਿਛ ਜਾਂਦੀ
ਜ਼ਮੀਰ ਗਹਿਣੇ ਰੱਖ
ਮੈਂ ਵੀ ਭੀੜ ਵਿੱਚ ਰਲ਼ਦਾ
ਪਰ ਮੈਂ ਤਾਂ ਇੱਕ ਚੋਰ ਹਾਂ
ਉਹ ਵੀ ਸਿਰਫ ਤੇ ਸਿਰਫ
ਰੋਟੀ ਚੋਰ।
✪

# ਬਦਲਦੀ ਹਕੀਕਤ

ਮੈਂ ਤੇ ਉਹ
ਜਿਸ ਦਿਨ ਮਿਲੇ ਸਾਂ
ਖੁਸ਼ੀ ਖੁਸ਼ੀ ਚਾਂਈ ਚਾਂਈ
ਇੱਕ ਦੂਜੇ ਨੂੰ ਦਿਲ ਵਿੱਚ ਥਾਂ ਦੇ
ਬਣ ਗਏ ਸਾਂ ਜੀਵਨ ਸਾਥੀ
ਉਮਰਾਂ ਤੱਕ ਸਾਥ
ਨਿਭਾਉਣ ਦੇ ਵਾਅਦੇ ਕਰ
ਜੀਵਨ ਗੱਡੀ ਰੇੜ੍ਹ ਲਈ ਸੀ।

ਹੁਣ ਟਲ਼ਦੇ ਹਾਂ ਇੱਕ ਦੂਜੇ ਤੋਂ
ਦੂਰ ਦੂਰ ਹਾਂ ਭੱਜਣਾ ਚਾਹੁੰਦੇ
ਲੋੜਾਂ ਥੋੜਾਂ ਦੇ ਡੰਗਾਂ ਤੋਂ ਬਚਦੇ
ਆਨੀ ਬਹਾਨੀ ਇੱਕ ਦੂਜੇ ਤੇ
ਦੋਸ਼ ਹਾਂ ਥੱਪਦੇ
ਕਿਸ਼ਤਾਂ ਦੇ ਨਾਲ ਘੁਲ਼ਦੇ ਘੁਲ਼ਦੇ
ਮੰਡੀ ਯੁੱਗ ਦੀਆਂ ਚਾਲਾਂ ਚਲਦੇ
ਮਹਿੰਗਾਈ ਦੇ ਡਮਰੂ ਥੱਲੇ
ਔਖਿਆਂ ਸੌਖਿਆਂ ਨਾਚ ਹਾਂ ਨੱਚਦੇ

ਝੁਲਸੇ ਤਨ ਮਨ ਦੀ ਹਾਮੀ ਭਰਦੇ
ਮਜ਼ਬੂਰੀ ਦੀਆਂ ਨਬਜ਼ਾਂ ਫੜ੍ਹਦੇ
ਮਿਹਨਤਾਂ ਦਾ ਖਮਿਆਜਾ ਲੱਭਦੇ
ਬੱਚਿਆਂ ਦੇ ਸਵਾਲਾਂ ਤੋਂ ਡਰਦੇ
ਅੰਦਰੇ ਅੰਦਰ ਘੂਰੀਆਂ ਵੱਟਦੇ
ਸਾਹਾਂ ਦੀ ਗਰਮੀ 'ਚੋਂ ਸੁਗੰਧੀ ਲੱਭਦੇ
ਨੇਰ੍ਹਿਆਂ ਦੇ ਨਾਲ ਲੜਦੇ ਲੜਦੇ
ਸੂਹੇ ਰੰਗ ਦੀਆਂ ਪੈੜਾਂ ਲੱਭਦੇ
ਇੱਕ ਦੂਜੇ ਤੋਂ ਨੱਠਦੇ ਨੱਠਦੇ
ਬੱਸ ਡਿਪਰੈਸ਼ਨ ਵਿੱਚ ਜੀਅ ਰਹੇ ਹਾਂ।
✪

## ਅਸ਼ੀਰਵਾਦ

ਜ਼ਿੰਦਗੀ ਦੇ ਸਫ਼ਰ ਵਿੱਚ
ਤੁਰ ਤਾਂ ਪਈ ਏਂ ਮੇਰੀ ਬੱਚੀਏ
ਜਾਣਦੀ ਹਾਂ
ਇਹਨਾਂ ਰਾਹਾਂ ਤੇ ਤੁਰਿਆਂ ਬਗੈਰ
ਮੁੱਕਣਾ ਨਹੀਂ ਲੰਮੇ ਪੰਧ ਨੇ
ਮਾਂ ਦੀ ਮਮਤਾ ਕੰਬਦੀ ਹੈ
ਦਹਿਲਦੀ ਹੈ ਕਿਉਂਕਿ
ਮੈਂ ਦੇਖੇ ਹਨ
ਰਾਹਾਂ ਵਿੱਚ ਡੂੰਘੇ ਖੱਡੇ
ਖੱਡਿਆਂ ਵਿੱਚ ਫਣ ਫੈਲਾਈ ਅਜਗਰ
ਜੋ ਬੈਠੇ ਹਨ ਡੰਗਣ ਦੀ ਤਾਕ ਵਿੱਚ
ਉਹ ਛਲੀਏ
ਮਿੱਠੇ ਮਿੱਠੇ ਬੋਲਾਂ
ਲਲਚਾਈਆਂ ਨਜ਼ਰਾਂ ਨਾਲ
ਉਡੀਕਦੇ ਹਨ ਅਣਭੋਲ ਅੱਲੜਾਂ
ਫਸ ਜਾਣ ਜੋ ਸ਼ਿਕਾਰੀ ਜਾਲ਼ ਵਿੱਚ।

ਖੜ੍ਹੇ ਹਨ ਕੰਧਾਂ ਦੇ ਓਹਲੇ
ਜ਼ਹਿਰਾਂ ਦੇ ਵਿਉਪਾਰੀ
ਜੋ ਖੇਡਦੇ ਹਨ
ਭਰ ਜੁਆਨੀਆਂ ਨਾਲ
ਟਕਿਆਂ ਦੀ ਖੇਡ

ਧੀਏ ਦਿਸਣਗੇ ਹਰ ਮੋੜ ਉੱਤੇ
ਸੁੰਦਰਤਾ ਦੇ ਸ਼ਹਿਨਸ਼ਾਹ
ਰਚਾਉਂਦੇ ਹਨ ਡਰਾਮੇ
ਮੁਕਾਬਲਾ ਸੁੰਦਰਤਾ ਦਾ
ਫਿਰ ਛਲੀਏ ਬਣ
ਬਣਾਉਂਦੇ ਹਨ
ਜਿਊਂਦੀਆਂ ਜਾਗਦੀਆਂ ਡੰਮੀਆਂ
ਜਾਂ ਕਾਠ ਦੀਆਂ ਗੁੱਡੀਆਂ
ਜਿਨ੍ਹਾਂ ਦੇ ਸਾਹ ਸੂਤ ਕੇ
ਖੜ੍ਹਾ ਸਕਣ ਸ਼ੀਸ਼ਿਆਂ ਦੇ ਪਿੱਛੇ
ਦੇ ਸਕਣ ਸੋਨੇ ਦੇ ਪਿੰਜਰੇ ਦੀ ਕੈਦ।

ਮੇਰੀ ਬੱਚੀਏ
ਤੇਰੇ ਚੰਚਲ ਮਨ ਦੀ ਉਡਾਰੀ ਨੂੰ ਦੇਖ
ਸੋਚਦੀ ਹਾਂ ਤੈਨੂੰ ਕਹਾਂ
ਪੈਰ ਪੈਰ ਤੇ ਬਿੱਖੜੇ ਪੈਂਡੇ
ਸਰ ਕਰਨ ਲਈ
ਕੁੱਝ ਕਹਿਣ ਲਈ, ਸਹਿਣ ਲਈ
ਉੱਠਣ ਲਈ, ਬੈਠਣ ਲਈ
ਸੋਚਣ ਲਈ, ਵਿਚਾਰਨ ਲਈ,
ਦੇਵੀਂ ਨਾ ਬੁਝਣ
ਸੂਝ ਦਾ ਦੀਵਾ
ਘੁੱਟ ਕੇ ਫੜ੍ਹੀਂ
ਵਿਸ਼ਵਾਸ ਤੇ ਤਰਕ ਦਾ ਪੱਲਾ
ਮੇਰੀ ਬੱਚੀਏ
ਹੋਵੇ ਮੁਬਾਰਕ ਤੈਨੂੰ
ਤੇਰਾ ਪੈਂਡਾ
ਜ਼ਿੰਦਗੀ ਦੇ ਸਫ਼ਰ ਵਿੱਚ।
✪

# ਮਕਾਨ ਜਾਂ ਰੈਸਟ ਹਾਊਸ

ਛੋਟੇ ਹੁੰਦਿਆਂ ਮਾਂ ਨੂੰ ਦੇਖਣਾ
ਉਹਨੇ ਆਹਰੇ ਲੱਗੀ ਰਹਿਣਾ
ਕੁੱਲੀ, ਗੁੱਲੀ ਤੇ ਜੁੱਲੀ ਲਈ ਹੀ

ਕੁੱਲੀ ਲਈ----
ਕੰਧਾਂ ਕੋਠੇ ਲਿੱਪਣੇ
ਤਰੇੜਾਂ ਭਰਨਾ
ਕੰਧੋਲੀ ਤੇ ਬਣੇ ਮੋਰਾਂ 'ਚ
ਭਾਂਤ ਸੁਭਾਂਤੇ ਰੰਗ ਭਰਨਾ
ਰੱਖਣਾ ਸਾਂਭ ਸਾਂਭ
ਕੁਦਰਤ ਦੀ ਆਫਤ ਤੋਂ ਡਰਨਾ
ਮੀਹਾਂ ਵਿੱਚ ਕਿਤੇ ਇਹ ਖੁਰ ਨਾ ਜਾਣ
ਆਪਣੇ ਉਸ ਸੁਪਨਿਆਂ ਦੇ
ਘਰ ਨੂੰ ਸਜਾਉਣਾ
ਬਿਹਤਰ ਤਰੀਕੇ ਨਾਲ।

ਗੁੱਲੀ ਲਈ-----
ਪਾਥੀਆਂ ਪੱਥਣਾ
ਸੁੱਕਾ ਬਾਲਣ, ਛਿਟੀਆਂ ਸਮੇਟਣੀਆਂ
ਰੋਟੀ ਟੁੱਕ ਦਾ ਆਹਰ
ਸਵੇਰਾ, ਦੁਪਹਿਰਾ
ਲੌਢਾ ਤੇ ਆਥਣ
ਧਾਰਾਂ ਚੋਣੀਆਂ, ਦੁੱਧ ਰਿੜਕਣਾ
ਬੱਚਿਆਂ ਨੂੰ
ਆਟੇ ਦੀਆਂ ਚਿੜੀਆਂ ਬਣਾ
ਉਹਨਾਂ ਦੇ ਚਿਹਰੇ ਦੀ ਖੁਸ਼ੀ ਨੂੰ ਤੱਕ
ਮਿੰਨ੍ਹਾਂ ਮਿੰਨ੍ਹਾਂ ਹੱਸਣਾ।

ਜੁੱਲੀ ਲਈ-----
ਨਵੇਂ ਕੱਪੜੇ ਸੀਣੇ
ਪੁਰਾਣਿਆਂ ਦੇ ਫੱਟ ਸੀਣੇ
ਉਹਨਾਂ ਨੂੰ ਟਾਕੀਆਂ ਲਾ
ਨਵੇਂ ਕੱਪੜੇ ਪਾ ਮੇਲੇ ਜਾਣਾ
ਮੇਲੇ ਵਾਲੇ ਦਿਨ
ਮਾਂ ਨੇ ਗੁਲਗਲੇ
ਲੱਡੂ, ਪਿਤੌੜ ਬਣਾਉਣੇ
ਅਸੀਂ ਖਾਣੇ
ਮੁੰਡੇ, ਕੁੜੀਆਂ ਰਲ
ਲੁਕਣ ਮਚੀਚੀ ਖੇਡਣਾ
ਮਾਂ ਸੰਤੁਸ਼ਟ ਹੁੰਦੀ ਸੀ।

ਮੈਂ ਵੀ ਘਰ ਸਮਝ ਕੇ
ਬਣਾ ਲਿਆ ਹੈ ਇੱਕ ਮਕਾਨ
ਲੋੜ ਨਹੀਂ
ਕੰਧਾਂ ਕੋਠੇ ਲਿੱਪਣ ਦੀ
ਨਾ ਹੀ ਪਿਆਰ ਨਾਲ
ਮੋਰ ਬਣਾ ਰੰਗ ਭਰਨ ਦੀ
ਹੁਣ ਇਹ ਮੀਂਹ ਝੱਖੜ ਦੀ
ਮਾਰ ਤੋਂ ਹੈ ਬਾਹਰ
ਮਾਂ ਦਾ ਹਰ ਦਿਵਾਲੀ ਨੂੰ
ਘਰ ਸਜਾਉਣ ਦਾ ਸੁਪਨਾ
ਆਉਂਦਾ ਹੈ ਯਾਦ
ਕਿਉਂਕਿ ਮੇਰਾ ਸੁਪਨਾ
ਪਥਰਾ ਗਿਆ ਹੈ
ਪੰਜਾਹ ਸਾਲ ਲਈ।

ਮੈਨੂੰ ਤਾਂ ਗੁੱਲੀ ਲਈ ਵੀ
ਲੋੜ ਨਹੀਂ ਅਡੰਬਰ ਦੀ

ਸਵਿੱਚ ਹੀ ਤਾਂ ਕਰਨਾ ਹੈ ਔਨ
ਜਾਂ ਕਰ ਦਿੰਦੀ ਹਾਂ ਆਰਡਰ
ਪੀਜ਼ਾ ਲਿਆਉਣ ਲਈ
ਹਲਾਤਾਂ ਸਾਹਵੇਂ ਬੇਬਸ।
ਬੱਚਿਆਂ ਨੂੰ ਤਾਂ
ਮੇਰੀਆਂ ਆਟੇ ਦੀਆਂ ਚਿੜੀਆਂ
ਵਿੱਚੋਂ ਆਉਂਦੀ ਹੈ ਸਮੈੱਲ
ਚਿਹਰਿਆਂ ਤੇ ਰੌਣਕ
ਲਿਆਉਣ ਲਈ
ਮਕਡੌਨਡਲ ਦਾ ਨਾਂ ਹੀ ਕਾਫੀ ਹੈ।

ਜੁੱਲੀ ਲਈ-----
ਮੇਰੇ ਹੱਥਾਂ ਨਾਲ
ਸਿਉਂਤੇ ਕੱਪੜੇ ਤੇ ਉੱਮਡਦਾ ਪਿਆਰ
ਬੱਚਿਆਂ ਨੂੰ ਉਸ ਪਜ਼ਲ ਗੇਮ
ਵਾਂਗ ਕਿਤੇ ਨਜ਼ਰੀਂ ਹੀ ਨਹੀਂ ਪੈਂਦਾ
ਉਹ ਤਾਂ ਫੱਟ ਕਹਿ ਦਿੰਦੇ ਹਨ
ਅਸੀਂ ਨਹੀਂ ਪਾਉਣੇ ਤੇਰੇ
ਹੱਥਾਂ ਦੇ ਸੀਤੇ ਕੱਪੜੇ
ਤੇ ਉਣੇ ਸਵਾਟਰ
ਇਹ ਤਾਂ ਅਊਟ ਔਫ ਫੈਸ਼ਨ ਹੈ।

ਮਸ਼ੀਨੀ ਯੁੱਗ ਵਿੱਚ
ਮਸ਼ੀਨਾਂ ਨੇ ਕੁੱਲੀ, ਗੁੱਲੀ ਤੇ
ਜੁੱਲੀ ਦੇ ਅਰਥਾਂ ਨੂੰ
ਲਿਆ ਹੈ ਸਮੇਟ
ਮੈਂ ਵੀ ਹੁਣ ਚਲਦੀ ਫਿਰਦੀ
ਮਸ਼ੀਨ ਹੀ ਹਾਂ
ਇਹ ਮੇਰਾ ਸੁਪਨਿਆਂ ਦਾ
ਘਰ ਜਾਂ ਮਕਾਨ ਨਹੀਂ
ਇਹ ਤਾਂ ਰੈਸਟ ਹਾਊਸ ਹੈ

ਜਿੱਥੇ ਅਰਾਮ ਲਈ
ਰਾਤ ਬਰਾਤੇ ਕੱਟਣੀ ਹੈ ਰਾਤ।
✪

## ਕਿੰਨਾ ਮੁਸ਼ਕਿਲ ਹੁੰਦਾ ਹੈ

ਕਿੰਨਾ ਮੁਸ਼ਕਲ, ਤਲਖ਼ ਹਕੀਕਤਾਂ,
ਗਿਣਨੀਆਂ ਪੋਟਿਆਂ ਉੱਤੇ
ਕਿੰਨਾ ਮੁਸ਼ਕਲ ਹੱਸਦੇ ਹੱਸਦੇ
ਮਿਣਨੀਆਂ ਪੋਟਿਆਂ ਉੱਤੇ
ਗੱਲੀਂ ਬਾਤੀਂ ਦੁੱਖ ਦੀਆਂ ਘੜੀਆਂ,
ਮਨਫ਼ੀ ਕਰਦੇ ਜਾਣਾ
ਮੌਤ ਦੇ ਨੇੜ੍ਹੇ ਵਿੱਚੋਂ ਰਿਸ਼ਮਾਂ,
ਚਿਣਨੀਆਂ ਪੋਟਿਆਂ ਉੱਤੇ
ਕਿੰਨਾ ਮੁਸ਼ਕਲ ਹੁੰਦਾ ਹੈ ਦੋਸਤ
ਬੜਾ ਹੀ ਮੁਸ਼ਕਲ ਹੁੰਦਾ ਹੈ ਦੋਸਤ

ਜਿਸ ਸਹਾਰੇ ਯੁਗਾਂ ਯੁਗਾਂਤਰ,
ਅਗ਼ਾਜ਼ ਹਿਯਾਤੀ ਕਰਨਾ
ਖੁਦ ਹੀ ਸੱਧਰਾਂ ਮਾਰ ਦਿਲਾਂ ਦੀਆਂ
ਤਹਿਆਂ ਦੇ ਵਿੱਚ ਧਰਨਾ
ਬੰਨ੍ਹ ਕੇ ਹੱਥ ਕਰਨ ਅਰਦਾਸਾਂ,
ਬੁੱਤਾਂ ਵਾਂਗ ਖਲੋਈਆਂ
ਮੁਸ਼ਕਲ ਹੱਲ ਦੀ ਭੀਖ ਮੰਗਦੀਆਂ,
ਸੁਰਤੀਆਂ ਬੁੱਢੀਆਂ ਹੋਈਆਂ
ਪੁੱਠਾ ਗੇੜ ਵਕਤ ਦੀਆਂ ਟਿੰਡਾਂ,
ਬੰਜ਼ਰ ਸੁਪਨੇ ਸਿੰਜਣ
ਕਿੰਨਾ ਮੁਸ਼ਕਲ ਭੁੱਖ ਦੀ ਅੱਗ ‘ਚ
ਅਹਿਸਾਸ ਆਪਣੇ ਪਿੰਜਣ
ਕਿੰਨਾ ਮੁਸ਼ਕਲ ਹੁੰਦਾ ਹੈ ਦੋਸਤ
ਬੜਾ ਹੀ ਮੁਸ਼ਕਲ ਹੁੰਦਾ ਹੈ ਦੋਸਤ।

ਕਿੰਨਾ ਮੁਸ਼ਕਲ ਭੁੱਖੇ ਸਾਂਹਵੇਂ
ਆਪ ਗਰਾਹੀ ਚੱਬਣੀ
ਅਣਡਿੱਠ ਕਰਕੇ ਭੁੱਖੀਆਂ ਜ਼ਿੰਦਾਂ
ਪੀੜ ਦਿਲਾਂ ਵਿੱਚ ਦੱਬਣੀ
ਅਖ਼ਬਾਰਾਂ ਦੀਆਂ ਲਾਲ ਸੁਰਖੀਆਂ,
ਵਿੱਚੋਂ ਜ਼ੁਲਮ ਨੂੰ ਪੜ੍ਹਨਾ
ਆਪਣੇ ਜ਼ਖ਼ਮ ਲਕੋ ਕੇ ਰੂਹ ਵਿੱਚ
ਮਜ਼ਲੂਮਾਂ ਲਈ ਖੜ੍ਹਨਾ
ਕਿੰਨਾ ਮੁਸ਼ਕਲ ਆਪ ਹੀ ਆਪਣੇ
ਜਲ਼ਦੇ ਜ਼ਜ਼ਬੇ ਚੁੰਮਣੇ
ਕਾਠ ਦੀ ਹਾਂਡੀ ਅੰਦਰ ਰਿੱਝਣਾ,
ਚਾਅ ਜੋਬਨ ਦੇ ਗੁੰਮਣੇ
ਕਿੰਨਾ ਮੁਸ਼ਕਲ ਹੁੰਦਾ ਹੈ ਦੋਸਤ
ਬੜਾ ਹੀ ਮੁਸ਼ਕਲ ਹੁੰਦਾ ਹੈ ਦੋਸਤ

ਪਹਿਨ ਪੰਜ਼ਾਲੀ ਲੁੱਟ ਦੀ ਮੰਡੀ
ਅੰਦਰ ਕਿਰਤ ਦਾ ਵਿਕਣਾ
ਬੜਾ ਹੀ ਮੁਸ਼ਕਲ ਜਿਊਂਦਾ ਰੱਖਣਾ
ਇਨਕਲਾਬ ਦਾ ਸੁਪਨਾ
ਭੇਂਟ ਨਸ਼ੇ ਦੀ ਚੜ੍ਹੇ ਜਵਾਨੀ
ਭਰਮ 'ਚ ਮਰਦੇ ਰਹਿਣਾ
ਵਾਰੇ ਨਿਆਰੇ ਹੋਣ ਦਾ ਸੁਪਨਾ
ਜ਼ਿਹਨ 'ਚ ਤਰਦੇ ਰਹਿਣਾ
ਕਿੰਨਾ ਮੁਸ਼ਕਲ ਹੁੰਦਾ ਹੈ ਦੋਸਤ
ਬੜਾ ਹੀ ਮੁਸ਼ਕਲ ਹੁੰਦਾ ਹੈ ਦੋਸਤ
✪

## ਚਗਲ਼ੇ ਵਿਚਾਰ

ਚਗਲ਼ੇ ਸ਼ਬਦਾਂ ਤੇ ਵਿਚਾਰਾਂ ਨੇ
ਕਰ ਦਿੱਤਾ ਹੈ ਮਨੁੱਖਤਾ ਦਾ ਮਲੀਆਮੇਟ
ਇਹਨਾਂ ਬੇਹੇ–ਤਬੇਹੇ, ਘਸੇ –ਪਿਟੇ
ਸ਼ਬਦਾਂ ਨੇ ਕੀਤਾ ਹੈ ਦੂਰ ਰਿਸ਼ਤੇ–ਨਾਤਿਆਂ ਤੋਂ
ਉਹਨਾਂ ਨੂੰ ਜੋੜਨ ਲਈ
ਮਨੁੱਖਤਾ ਵਿੱਚ ਨਵੀਂ ਰੂਹ ਫ਼ੂਕਣ ਲਈ
ਲੋੜ ਹੈ ਉਹਨਾਂ ਭੂਕਨਿਆਂ ਵਰਗੇ ਸੰਦਾਂ ਸ਼ਬਦਾਂ ਦੀ
ਜੋ ਚੇਤਨਾ ਦੀ ਫ਼ੂਕ ਮਾਰਨ
ਕੁੱਝ ਮੱਘਦੇ ਸ਼ਬਦ
ਜੋ ਗਿੱਲ੍ਹੇ ਚੁੱਲ੍ਹਿਆਂ ਨੂੰ ਜਲਾਉਣ
ਜੁਗੜਿਆਂ ਤੋਂ ਲੱਗੀ ਉੱਲੀ ਨੂੰ ਲਾਹੁਣ
ਕੰਮ ਕਰਨ ਕੂਚੀ ਵਾਂਗ
ਚਮਕਾ ਦੇਣ ਸੂਰਜ ਦੀ ਟਿੱਕੀ ਵਾਂਗ
ਫੈਲਾ ਦੇਣ ਦੁਨੀਆਂ ਭਰ ਵਿੱਚ ਉਜਾਲਾ
ਆਓ ਕੁੱਝ ਸੱਜਰੇ ਤੇ ਨਵੇਂ ਨਕੋਰ ਸ਼ਬਦਾਂ ਨੂੰ
ਜੀ ਆਇਆਂ ਕਹੀਏ
ਚਗਲ਼ੇ ਵਿਚਾਰਾਂ ਤੇ
ਸ਼ਬਦਾਂ ਦਾ ਮੁਕਾਬਲਾ ਕਰੀਏ।

✪

## ਭੂਹੇਰਵਾ

ਮੈਨੂੰ ਹੁਣ ਇਕੱਲੇ ਉਸ ਦੇਸ਼ ਤੇ ਹੀ ਮਾਣ ਨਹੀਂ
ਜਿਸਦੇ ਭੂਹੇਰਵੇ ਨਾਲ ਕਵੀ ਰੋਂਦੇ ਸਨ
ਕਦੇ ਖ਼ੂਨ ਦੇ ਹੰਝੂ
ਮੈਨੂੰ ਤਾਂ ਹੁਣ ਇਸ ਦੇਸ਼ ਤੇ ਵੀ ਮਾਣ ਹੈ
ਜੋ ਬਣ ਗਿਆ ਹੈ ਮੇਰਾ ਰੈਣ ਬਸੇਰਾ।
ਕਿਉਂਕਿ ਹੁਣ ਅਸੀਂ ਨਿੱਤ-ਨੇਮ, ਧਰਮ-ਕਰਮ
ਤੇ ਸਾਂਝੀਵਾਲਤਾ ਦੇ ਪ੍ਰਤੀਕ ਬਣਾ ਲਏ ਹਨ
ਵੱਡੇ ਵੱਡੇ ਗੁੰਬਦਾਂ ਵਾਲੇ ਮੰਦਰ, ਗੁਰਦਵਾਰੇ ਤੇ ਮਸਜਿਦ
ਫਰਕ ਹੈ ਸਿਰਫ ਤੇ ਸਿਰਫ
ਨਾ ਘਾਟਾ ਖਾਣ ਵਾਲੇ ਬਿਜ਼ਨਿਸ,
ਮੰਡੀ ਦੀਆਂ ਜਿਣਸਾਂ
ਇੱਥੇ ਭੁੱਖਿਆਂ ਨੂੰ ਖਾਣਾ ਖੁਆਉਣ ਦੀ ਪ੍ਰੰਪਰਾ ਨਹੀਂ
ਸਗੋਂ ਕਰਦੇ ਹਾਂ ਹਫਤੇ ਦੇ ਮੈਨਿਓ ਤੈਹ
ਸੁਆਦਾਂ ਅਨੁਸਾਰ।

ਹੁਣ ਅਸੀਂ ਮਾਤ ਪਾ ਦਿੱਤੀ ਹੈ
ਨਗਰ ਕੀਰਤਨਾਂ ਦੇ ਇਕੱਠ ਕਰਕੇ ਪੰਜਾਬ ਨੂੰ ਵੀ
ਮਾਣ ਕਰਦੇ ਹਾਂ ਲੱਖਾਂ ਦੀ ਗਿਣਤੀ ਵਿੱਚ
ਸ਼ਾਮਲ ਹੋ ਕੇ, ਖ਼ੁਸ਼ ਹੋ ਕੇ
ਲੰਗਰ ਲਾ ਕੇ, ਕੁੱਝ ਖਾ ਕੇ
ਕੁੱਝ ਗਾਰਬਜ਼ ਪਾ ਕੇ
ਲੈਂਦੇ ਹਾਂ ਸਕੂਨ ਬਾਬੇ ਵਲੋਂ
ਕਿਰਤ ਕਮਾਈ ਵਿੱਚ ਕੀਤੇ ਵਾਧੇ ਲਈ।

ਇਹ ਵੀ ਮਾਣ ਕਰਦੇ ਹਾਂ
ਜਦੋਂ ਕੋਈ ਗੋਰਾ ਲੀਡਰ ਆ ਕੇ ਬੋਲਦਾ ਹੈ
ਟੁੱਟੀ ਫੁੱਟੀ ਭਾਸ਼ਾ ਵਿੱਚ
"ਵਹਿਗੁਰੂ ਜੀ ਕਾ ਖਾਲਸਾ
ਵਹਿਗੁਰੂ ਜੀ ਕੀ ਫਟੇ"
ਖ਼ੁਸ਼ੀ ਉੱਮਡ ਉੱਮਡ ਹੁੰਦੀ ਹੈ ਦੂੱਗਣੀ
ਤਾਂ ਇੱਕ ਦਮ ਆਉਂਦਾ ਹੈ ਖਿਆਲ
ਕਿ ਅਸੀਂ ਭੁੱਲੀ ਨਹੀਂ ਚਮਚਾਗਿਰੀ ਵਰਗੀ
ਮੇਰੇ ਦੇਸ਼ ਦੀ ਵਡਮੁੱਲੀ ਦੇਣ।

ਇਹ ਵੀ ਮਾਣ ਹੈ ਇਸ ਦੇਸ਼ ਤੇ
ਕਿ ਇਸਨੇ ਮੇਰੇ ਦੇਸ਼ ਦੇ
ਆਥਣ ਸਵੇਰ ਦੇ ਸੱਥਾਂ ਦੀ ਯਾਦ
ਨਹੀਂ ਦਿੱਤੀ ਭੁੱਲਣ
ਹੁਣ ਰੇਡੀਓ ਤੇ ਚੌਵੀ ਘੰਟੇ
ਬੈਠਦੇ ਹਾਂ ਸੱਥਾਂ ਵਿੱਚ
ਮਨ ਆਈਆਂ ਛੱਡਦੇ ਹਾਂ
ਦਿਲ ਆਈਆਂ ਕਰਦੇ ਹਾਂ
ਮੀਡੀਏ ਦੀ ਤੂਤੀ ਸੱਥਾਂ ਵਿੱਚ ਨਹੀਂ
ਸਾਡੇ ਘਰਾਂ ਵਿੱਚ ਲੱਗਦੀ ਹੈ ਬੋਲਣ।

ਇਹ ਵੀ ਮਾਣ ਹੈ
ਕਿ ਗ਼ਦਰੀਆਂ ਦੇ ਜਮਾਏ ਪੈਰਾਂ ਸਦਕਾ
ਲਿਆ ਹੈ ਵੋਟ ਦਾ ਹੱਕ
ਇਸ ਦੀ ਵਰਤੋਂ ਵੀ ਕਰਦੇ ਹਾਂ ਰੱਜ ਕੇ
ਆਪਣੇ ਭਾਈਆਂ ਦੇ ਖ਼ਿਲਾਫ
ਵੱਟਦੇ ਹਾਂ ਘੂਰੀਆਂ ਇੱਕ ਦੂਜੇ ਨੂੰ
ਚੁਣਕੇ ਭੇਜਦੇ ਹਾਂ
ਘਾਗ ਸਿਆਸਤਦਾਨ ਹੀਰੇ
ਜੋ ਮੱਲ਼ਦੇ ਹਨ ਪਿਛਲੀਆਂ ਕੁਰਸੀਆਂ

ਹਾਂ ਵਿੱਚ ਹਾਂ ਮਿਲਾਉਣ ਲਈ
ਬਣ ਕੇ ਦਿਲ ਰੁਬਾ ਮਜ਼ਨੂੰ।

ਇਹ ਵੀ ਮਾਣ ਹੈ
ਮੈਨੂੰ ਮੇਰੇ ਪੁਰਖਿਆਂ ਤੇ
ਜਿਹਨਾਂ ਐਥੇ ਦਵਾਇਆ ਸੀ
ਰਹਿਣ ਦਾ ਬਰਾਬਰ ਦਾ ਹੱਕ
ਰਿਸ਼ਤਿਆਂ ਤੇ ਪਰਿਵਾਰਾਂ ਨੂੰ
ਇਕੱਠੇ ਰਹਿਣ ਦਾ ਹੱਕ
ਪਰ ਅੱਜ ਸੁਪਰਵੀਜ਼ੇ ਜਾਂ ਬਿੱਲ ਸੀ-24 ਵਰਗੇ
ਕਾਨੂੰਨਾਂ ਨੇ ਬੇਸ਼ੱਕ ਕੀਤੀ ਹੈ ਕੋਸ਼ਿਸ਼
ਪਰਿਵਾਰਾਂ ਨੂੰ ਤੋੜਨ ਦੀ, ਰੋਕਣ ਦੀ।

ਪਰ ਮਾਣ ਕਰਦੀ ਹਾਂ ਇਸ ਗੱਲ ਤੇ
ਕਿ ਹੁਣ ਡਰੱਗ ਸਿੱਧੀ ਲੱਖਾਂ ਕੈਮਰੇ,
ਸਕਿਊਰਿਟੀਆਂ ਨੂੰ ਪਾਰ ਕਰ
ਮੇਰੇ ਉਸ ਦੇਸ਼ ਤੋਂ ਇਸ ਦੇਸ਼
ਜਾਂਦੀ ਹੈ ਪਹੁੰਚ ਬਿਨ੍ਹਾਂ ਰੋਕ ਟੋਕ
ਲੈ ਸਕਦੀ ਹਾਂ ਹਰ ਕਿਸਮ ਦੀ
'ਮੇਡ ਇਨ ਇੰਡੀਆ ਡਰੱਗ'।

ਹੁਣ ਅਸੀਂ ਬਣਾ ਲਿਆ ਹੈ
ਅਸੰਭਵ ਨੂੰ ਸੰਭਵ, ਕਰ ਲਈ ਹੈ ਬਹੁਤ ਤਰੱਕੀ
ਇਸ ਕਰਕੇ ਹੁਣ ਮੈਨੂੰ ਇਕੱਲੇ ਉਸ
ਦੇਸ਼ ਤੇ ਹੀ ਮਾਣ ਨਹੀਂ ਜਿਸਦੇ ਭੂਹੇਰਵੇ ਨਾਲ
ਕਵੀ ਰੋਂਦੇ ਸਨ, ਕਦੇ ਖ਼ੂਨ ਦੇ ਹੰਝੂ
ਮੈਨੂੰ ਤਾਂ ਹੁਣ ਇਸ ਦੇਸ਼ ਤੇ ਵੀ ਮਾਣ ਹੈ
ਜਿਸਨੂੰ ਬਣਾ ਲਿਆ ਹੈ ਮੈਂ ਮੇਰਾ ਰੈਣ ਬਸੇਰਾ।
✪

## ਜਨਮ ਦਿਨ

ਕਈ ਵਾਰੀ ਬੱਚੇ
ਕਹਿੰਦੇ ਹਨ ਮੇਰਾ
ਜਨਮ ਦਿਨ ਮਨਾਉਣ ਲਈ
ਕਹਿਣਾ ਚਾਹੁੰਦੀ ਵੀ
ਕਰ ਜਾਂਦੀ ਹਾਂ ਚੁੱਪ
ਤੇ ਟਾਲ ਦਿੰਦੀ ਹਾਂ ਕਿ
"ਇਹ ਤਾਂ ਅਮੀਰਾਂ ਦੇ ਚੌਂਚਲੇ ਹਨ"
ਜਨਮ ਦਿਨ ਮਨਾਉਣ ਦੇ।
ਅਗਰ ਇੰਨਾ ਹੀ ਮਹੱਤਵ ਹੁੰਦਾ
ਜਨਮ ਦਿਨ ਦਾ
ਤਾਂ ਕਿਉਂ ?
ਅਛੋਹਪਲੇ ਜਿਹੇ
ਗੁੜਤੀ ਦੀ ਥਾਂ
ਦਾਈ ਦਾ ਅਗੂੰਠਾ ਘੰਢੀ ਤੇ ਹੁੰਦਾ
ਜਾਂ ਫਿਰਦੀ ਜਨਮ ਤੋਂ ਪਹਿਲਾਂ
ਕੈਂਚੀ ਢਿੱਡ ਵਿੱਚ ਹੀ
ਕਿਉਂ ਵਿਕਦੀ ਮਾਸੂਮੀਅਤ
ਢਿੱਡ ਦੀ ਭੁੱਖ ਲਈ
ਕਿਉਂ ਸੋਨੇ ਮੁੱਲੀਂ ਜ਼ਿੰਦਗੀ
ਨਿਲਾਮ ਹੁੰਦੀ ਕੌਡੀਆਂ ਦੇ ਭਾਅ।

ਦੁਨੀਆਂ ਦੀ ਅੱਧੀ ਤੋਂ
ਵੱਧ ਅਬਾਦੀ
ਦੇ ਜਨਮ ਦਿਨ ਵੀ
ਉਕਰੇ ਹੁੰਦੇ ਉਹਨਾਂ ਦੇ
ਚਿਹਰਿਆਂ ਤੇ
ਝਲਕਦੀ----
ਖੇੜਿਆਂ ਦੀ ਬਹਾਰ
ਤੀਆਂ ਦਾ ਤ੍ਰਿੰਝਣ
ਬਰਸਾਤਾਂ ਦੀ ਗੁਫਤਗੂ
ਲੋਹੜਿਆਂ ਦੀ ਰਵਾਨੀ
ਖੁਸ਼ੀਆਂ ਦੀ ਚੰਚਲਤਾ
ਉਹਨਾਂ ਤੇ ਤਾਂ ਉਕਰੀ ਹੈ
ਮਾਸੂਮੀਅਤ ਦੀ ਮੌਤ
ਗੁਰਬਤ ਦੀ ਇਬਾਦਤ
ਤਿੜਕੀ ਬਿਖਰੀ ਜਵਾਨੀ
ਖੱਬਲ ਵਰਗੀ ਜ਼ਿੰਦਗੀ
ਜੰਗਲੀ ਚੁੱਪ
ਪੱਥਰਾਂ ਵਰਗੇ ਜੇਰੇ
ਧੁੰਦ ਦੇ ਬੱਦਲ
ਭਵਿੱਖ ਦਾ ਫਿਕਰ
ਜਿਹਨਾਂ ਤੇ ਹਰ ਸਾਲ ਤਾਂ ਕੀ
ਪਹਿਲੇ ਜਨਮ ਤੇ ਵੀ
ਨਾ ਮਿਲ ਸਕੀ-
ਪਿਆਰ ਦੀ ਮਿੱਠੀ ਗੁੜ੍ਹਤੀ।
✪

## ਸਮਾਂ ਮੰਗ ਕਰਦਾ ਹੈ

ਸੁਣਿਐ
ਬਾਹਰ ਹਨ੍ਹੇਰੀ ਚੱਲ ਰਹੀ ਹੈ
ਮੌਸਮ ਬੜਾ ਖਰਾਬ ਹੈ
ਹੁਣ ਮੌਸਮ ਇਹ ਨਹੀਂ ਕਿ
ਟੀ. ਵੀ. ਮੂਹਰੇ ਬੈਠ ਕੇ
ਬੌਲੀਵੁੱਡ ਦੇ ਸੀਰੀਅਲ ਦੇਖਣ ਦਾ
ਮੰਜ਼ਲ ਤੱਕ ਅਪੜਨ ਲਈ
ਸਾਹਮਣਾ ਤਾਂ ਪਵੇਗਾ ਕਰਨਾ
ਤੁਫ਼ਾਨਾਂ ਤੇ ਨ੍ਹੇਰੀਆਂ ਨਾਲ
ਮਲਾਹ ਤੂਫ਼ਾਨਾਂ ਤੋਂ ਡਰ ਕੇ
ਛੱਡਦੇ ਨਹੀਂ ਕਦੇ ਪੱਤਣ
ਜਿਹੜੇ ਕਦਮ ਨਿਕਲੇ ਹਨ ਬਾਹਰ
ਉਹ ਕਰ ਸਕੇ ਨੇ
ਹਰ ਮੁਸ਼ਕਲ ਦਾ ਸਾਹਮਣਾ
ਟਕਰਾ ਸਕੇ ਨੇ ਮੌਤ ਨਾਲ
ਮਰ ਗਏ ਪੁਲਸ ਮੁਕਾਬਲਿਆਂ ਵਿੱਚ
ਚੁੰਮਿਆਂ ਹੈ ਫਾਂਸੀ ਦੇ ਫੰਦੇ ਨੂੰ
ਜਾਂ ਮਿਲਿਆ ਹੈ ਪਿਆਲਾ ਜ਼ਹਿਰ ਦਾ
ਜੂਝਦੇ ਹਨ ਹਰ ਮੌਸਮ ਨਾਲ
ਆਓ ਸਾਥੀਓ
ਇਹ ਨਾ ਹੋਵੇ

ਕਿ ਮੌਸਮ
ਆਪਣੀ ਸਖ਼ਤੀ ਇੰਨੀ ਵਧਾ ਦੇਵੇ
ਕਿ ਹਰ ਰੁੱਤ ਵਿੱਚ ਹੀ
ਹਰਿਆਲੀ ਦੀ ਥਾਂ
ਪਲੱਤਣ ਛਾ ਜਾਵੇ
ਸਮਾਂ ਮੰਗ ਕਰਦਾ ਹੈ
ਕਿ ਆਓ ਨਿਕਲੀਏ ਬਾਹਰ
ਜੂਝੀਏ, ਲੜੀਏ
ਪਤਝੜ ਤੋਂ ਪਹਿਲਾਂ ਪਹਿਲਾਂ
ਕੋਈ ਤਦਬੀਰ ਬਣਾਈਏ
ਤੇ ਨਵੀਂ ਤਕਦੀਰ ਆਪ ਘੜੀਏ।

## ਸੋਨੇ ਦੇ ਖੰਭ

ਉਸਨੇ ਮੇਰੀ ਪਰਵਾਜ਼ ਨੂੰ ਦੇਖ
ਮੇਰੇ ਅਸਲੀ ਖੰਭ ਕੁਤਰ ਸੁੱਟੇ
ਮੇਰੀ ਝੋਲ਼ੀ ਪਾ ਦਿੱਤੇ
ਚਮਕਦੇ, ਦਮਕਦੇ, ਲਿਸ਼ਕਦੇ
ਸੋਨ ਰੰਗੇ ਸੁਨਹਿਰੀ
ਸੋਨੇ ਦੇ ਖੰਭ

ਹੁਣ ਮੈਂ
ਸੋਨੇ ਦੇ ਖੰਭ ਲਾ ਕੇ
ਉਂਡੂੰ ਉਡੂੰ ਕਰਦੀ
ਹੋ ਗਈ ਹਾਂ
ਪਰਵਾਜ਼ ਤੋਂ ਸੱਖਣੀ।

✪

## ਲਲਕਾਰ

ਫੇਸ ਬੁੱਕ ਖੋਲ੍ਹੀ ਹੈ
ਪਹਿਲੀ ਹੀ ਪੋਸਟ ਵਿੱਚ
ਆਉਂਦਾ ਹੈ ਨਜ਼ਰ ਇੱਕ ਯੁੱਧ
ਦਸ ਕੁ ਸਾਲਾਂ ਬੱਚੀ ਦਾ
ਵਰਦੀਧਾਰੀ ਅਮਰੀਕਾ ਦੇ
ਦੱਲੇ ਇੱਕ ਫੌਜੀ ਨਾਲ
ਫਲਸਤੀਨ ਦਾ ਇਜ਼ਰਾਈਲ ਨਾਲ
ਅਨੇਕਾਂ ਲਾਸ਼ਾਂ ਦਾ ਸਫ਼ਰ
ਮਾਸੂਮੀਅਤ ਦਾ ਮੰਜ਼ਰ
ਤੋਤਲੀ ਜ਼ਬਾਨ
ਬੋਲਾਂ ਦੇ ਰੋਹਲੇ ਬਾਣ ਛੱਡਦੀ
ਮੁੱਕੇ ਵਿੱਚ ਜੋਸ਼ ਦਾ ਬਾਰੂਦ
ਅੱਖਾਂ ਵਿੱਚ ਅੰਗਾਰ
ਦੁਸ਼ਮਣ ਨੂੰ ਲਲਕਾਰ
ਜੁਅਰਤ ਦੀ ਭਿਆਲ
ਸੱਚ ਦੀ ਅਵਾਜ਼
ਟਕਰਾ ਰਹੀ ਹੈ ਤਾਕਤ ਨਾਲ
ਇਹ ਜ਼ਖ਼ਮੀ ਸ਼ੇਰਨੀ
ਦੇਵੇਗੀ ਆਪਣੀ ਮਿਸਾਲ ਆਪ
ਕਿ ਸੱਚ ਕਦੇ ਹਾਰਿਆ ਨਹੀਂ
ਝੂਠ ਦੇ ਪੈਰਾਂ ਥੱਲਿਓਂ
ਧਰਤੀ ਜਰੂਰ ਖਿੱਚਦਾ ਹੈ।

✪

## ਗਣਤੰਤਰ ਦਿਵਸ

ਅੱਜ ਮਨਾਇਆ ਜਾ ਰਿਹੈ
ਗਣਤੰਤਰ ਦਿਵਸ
ਗਾਏ ਜਾ ਰਹੇ ਹਨ ਸੋਹਲੇ
ਨਵੇਂ ਖੁਸ਼ਹਾਲ ਭਾਰਤ ਦੇ
ਪਰੇਡਾਂ ਵੀ ਕਰਨਗੇ
ਕਠਪੁਤਲੀਆਂ ਦੇ ਨਾਚ ਵਾਂਗ
ਸੱਦਿਆ ਗਿਆ ਹੈ
ਦੁਨੀਆਂ ਦਾ ਸਿਰ ਕੱਢ ਲੁਟੇਰਾ
ਲੁਟੇਰਾ ਲੁਟੇਰੇ ਨੂੰ ਜੱਫੀਆਂ ਪਾਵੇਗਾ
ਇਹ ਪਹਿਲਾਂ ਵੀ ਹੁੰਦਾ ਸੀ
ਹੁਣ ਵੀ ਹੋਵੇਗਾ
ਮੇਰਾ ਵੀ ਜੀ ਕਰਦੈ
ਅੱਜ ਉਸ ਸੰਵਿਧਾਨ ਨੂੰ ਫੁੱਲ ਚੜ੍ਹਾਈਏ
ਉਹਨੂੰ ਪੜ੍ਹੀਏ ਤੇ ਵਿਚਾਰੀਏ
ਜੇ ਉਹ ਕਰਦਾ ਹੋਵੇ
ਗਰੀਬਾਂ ਦੇ ਢਿੱਡ ਲਈ ਤਰਸੇਵੇਂ
ਤੇ ਤਰਸ
ਲਾਉਂਦਾ ਹੋਵੇ ਰੋਕ
ਬੱਚੇ ਦੇ ਜੰਮਣ ਵੇਲੇ ਤੋਂ ਬਣਨ ਤੇ ਸੀਰੀ
ਫਸਲ ਲਈ ਲਏ ਕਰਜ਼ੇ ਲਈ
ਕੌਡੀਆਂ ਦੇ ਭਾਅ ਟਾਹਲੀ ਨਾਲ ਫਾਂਸੀ
ਖੌਫ ਵਿੱਚ ਨਾ ਜੀਣ ਕੂੰਜਾਂ
ਦੌਲਤ ਦੇ ਨਸ਼ੇ ਵਿੱਚ ਧੁੱਤ
ਬੌਂਦਲੇ  ਕਾਂਵਾਂ ਤੋਂ

ਅਜ਼ਾਦੀ ਦੀ ਮੰਗ ਉੱਤੇ
ਮਿਲਦਾ ਨਾ ਹੋਵੇ ਦੇਸ਼ ਧਰੋਹੀ ਦਾ ਫਤਵਾ
ਕਰਨਾ ਨਾ ਪਵੇ
ਸੰਘਰਸ਼ ਬੇਰੁਜ਼ਗਾਰ ਨੂੰ
ਡਿਗਰੀਆਂ ਦੇ ਥੱਬਿਆਂ ਨਾਲ
ਜਦ ਮਿਲੇਗੀ ਲੋਕਾਂ ਨੂੰ
ਝੂਠੇ ਵਾਅਦਿਆਂ ਤੋਂ ਰਾਹਤ
ਜਦੋਂ ਲੋਕਤੰਤਰ ਦੀ ਡੁਗਡੁਗੀ ਦਾ
ਤਮਾਸ਼ਾ ਹੋਵੇਗਾ ਬੰਦ
ਨਾ ਹੋਣਗੇ ਮਾਸੂਮਾਂ ਦੇ ਚਾਵਾਂ ਦੇ ਕਤਲ
ਤਾਂ ਹੀ ਤਾਂ ਮੈਂ ਮੁਨਕਰ ਹਾਂ
ਇਸ ਨੂੰ ਮੰਨਣ ਤੋਂ
ਫੁੱਲ ਚੜ੍ਹਾਉਣ ਤੋਂ
ਇਹਦੀ ਤੂਤੀ ਸਿਰਫ ਕਾਗ਼ਜ਼ਾਂ ਵਿੱਚ
ਜਾਂ 26 ਜਨਵਰੀ ਨੂੰ ਬੋਲਦੀ ਹੈ
ਪਰ ਭਾਰਤ ਦੇ ਕਿਸੇ ਵੀ ਕੋਨੇ ਦੇ
ਜਨ ਜੀਵਨ ਵਿੱਚ ਨਹੀਂ।
✪

## ਜ਼ਿੰਦਗੀ ਦੀ ਕਵਿਤਾ

ਮੇਰੀਆਂ ਝੀਲ ਨਾਲੋਂ ਡੂੰਘੀਆਂ ਨਰਗਸੀ ਅੱਖਾਂ
ਮਲ਼ਾਈ ਵਰਗੀਆਂ ਮੁਲਾਇਮ ਗੱਲ੍ਹਾਂ
ਤੀਰ ਵਰਗਾ ਤਿੱਖਾ ਨੱਕ
ਮੋਰਨੀ ਵਰਗੀ ਠੁਮਕ ਠੁਮਕ ਚਾਲ
ਪਿਆਰ ਦੀਆਂ ਪੀਂਘਾਂ
ਮੇਰੇ ਜੋਬਨ ਦੀ ਬਹਾਰ
ਮੇਰੀ ਵਫ਼ਾ ਤੇ ਬੇਵਫ਼ਾਈ ਹੀ ਕਵਿਤਾ ਨਹੀਂ
ਕਵਿਤਾ ਔਰਤ ਤੋਂ ਸ਼ੁਰੂ ਹੋ
ਉਸਦੇ ਸੁਹੱਪਣ ਤੇ ਹੀ ਖ਼ਤਮ ਨਹੀਂ ਹੁੰਦੀ
ਨਾ ਹੀ ਖ਼ਤਮ ਹੁੰਦੀ ਹੈ ਸਿਰਫ਼ ਔਰਤ ਤੇ
ਇਹ ਤਾਂ ਸ਼ੁਰੂ ਹੁੰਦੀ ਹੈ ਜ਼ਿੰਦਗੀ ਤੋਂ
ਜ਼ਿੰਦਗੀ ਦੇ ਪੰਨੇ ਪਲਟਦਿਆਂ ਪਲਟਦਿਆਂ
ਰਹਿੰਦੀ ਹੈ ਜੁੱਗਾਂ ਤੀਕ
ਪੀੜ੍ਹੀ ਦਰ ਪੀੜ੍ਹੀ।

ਮੇਰੀਆਂ ਕਾਲ਼ੀਆਂ, ਸੋਨੇ ਰੰਗੀਆਂ ਜ਼ੁਲਫਾਂ ਹੀ ਕਵਿਤਾ ਨਹੀਂ
ਜਟੂਰੀਆਂ ਬਣ ਉਹਨਾਂ ਵਿੱਚ ਜੰਮੀ ਧੁੱਦਲ਼ ਵੀ ਕਵਿਤਾ ਹੈ
ਜਨਮ ਤੋਂ ਪਹਿਲਾਂ ਲਾਲ ਲਾਲ ਰੱਤੀਆਂ 'ਚ ਟੋਟੇ ਹੋਣਾ
ਸੁਰਖਰੂ ਹੋ ਮੇਰੇ ਤੋਂ, ਵੱਡਾ ਸਾਰਾ ਖਘੂੰਰਾ ਮਾਰ
ਕੰਧ ਤੇ ਚਿਪਕਾ ਦੇਣਾ
ਭੱਜਣਾ ਦਾਜ ਦੇ ਲੋਭੀਆਂ ਤੋਂ ਮੱਥਾ ਲਾਉਣ ਤੋਂ
ਜਵਾਨੀ ਵਰਗੇ ਅਨਰਥ ਵਿੱਚ ਪੈਰ ਪਾਉਂਦਿਆਂ ਹੀ
ਸ਼ੱਕ ਦੀ ਤੱਕੜੀ ਵਿੱਚ ਤੁਲਣਾ ਵੀ ਔਰਤ ਦੀ ਕਵਿਤਾ ਹੈ।

ਸਮਾਜ ਦੇ ਤਿੱਖੇ ਤੀਰਾਂ ਨਾਲ ਵਿੰਨ੍ਹੀ
ਮੁਸ਼ਟੰਡਿਆਂ ਦੀ ਬਲਾਤਕਾਰੀ ਦੀ ਸ਼ਿਕਾਰ
ਬਾਜ਼ਾਂ ਦੀਆਂ ਚੁੰਝਾਂ ਨਾਲ ਝਰੀਟੇ ਜਖ਼ਮਾਂ
ਨੂੰ ਰਾਤ ਬਰਾਤੇ ਅਲੋਸਣਾ
ਕੱਲ-ਮੁਕੱਲੇ ਰੋਣਾ ਤੇ ਬਾਪ ਦੀ ਗ਼ਰੀਬੀ ਨੂੰ
ਕੋਸਣਾ ਵੀ ਔਰਤ ਦੀ ਕਵਿਤਾ ਹੈ।
ਦਿਲ ਦੀਆਂ ਸੱਧਰਾਂ ਨੂੰ ਭੁੰਜੇ ਪਟਕ
ਕਸੀਸ ਵੱਟ ਕੇ ਲੜ ਲੱਗਣਾ ਬੁੱਢੇ ਠੇਰੇ ਦੇ
ਚਾਰ ਸਿਆੜਾਂ ਦੀ ਬਲੀ ਦੇ ਕੇ
ਟੱਬਰਾਂ ਦੀਆਂ ਆਸਾਂ ਵਿੱਚ
ਫੱਕ ਛਾਨਣਾ ਪ੍ਰਦੇਸਾਂ ਦੀ
ਦੂਹਰੀਆਂ ਸ਼ਿਫਟਾਂ ਲਾ ਉਲਝਣਾ
ਬੌਂਸ ਦੀਆਂ ਮਿਹਰਬਾਨੀਆਂ ਵਿੱਚ
ਪਿਆਰ ਦੀ ਕਸਵੱਟੀ ਤੇ ਖਰੀ ਉਤਰਣ ਲਈ
ਚਾਰ ਲਾਵਾਂ ਜਾਂ ਸੱਤ ਫੇਰਿਆਂ ਦਾ ਪਰਪੰਚ
ਧਰਮ ਦੀ ਪਾਲਣਾ ਮੇਰੀ, ਔਰਤ ਦੀ ਕਵਿਤਾ ਹੈ।

ਪਹਿਲੇ ਜਣੇਪੇ ਦੀਆਂ ਅਸਹਿ ਪੀੜਾਂ ਦਾ ਅਨੁਭਵ
ਬੱਚਿਆਂ ਦੀਆਂ ਕਿਲਕਾਰੀਆਂ ਵਿੱਚ ਮੰਤਰ ਮੁਗਧ
ਵਾਰ ਦੇਣਾ ਆਪਾ ਉਹਨਾਂ ਦੇ ਪਾਲਣ ਪੋਸਣ ਵਿੱਚ।
ਮੇਰੇ ਮੱਥੇ ਦੀਆਂ ਝੁਰੜੀਆਂ
ਗਹਿਰੀ ਚਿੰਤਾ'ਚ ਡੁੱਬਿਆ ਮਨ
ਉਲਝਣਾਂ ਚੋਂ ਨਿਕਲਣ ਦੀ
ਜੱਦੋਜਹਿਦ ਵੀ ਔਰਤ ਦੀ ਕਵਿਤਾ ਹੈ

ਉੱਚੜੇ ਜਖ਼ਮਾਂ ਨੂੰ ਮਹਿਸੂਸਣਾ
ਮਿੰਨੀ ਮਿੰਨੀ ਚੀਸ ਨੂੰ ਸਹਿਣਾ
ਅੰਦਰੇ ਅੰਦਰ ਟੁਟ ਕੇ ਰਹਿ ਜਾਣਾ
ਉਮਰ ਤੋਂ ਪਹਿਲਾਂ ਹੀ ਜੋਬਨ ਦਾ ਸਰਾਪੇ ਜਾਣਾ
ਬਿਨਾਂ ਵਜਾਹ ਬਣਾ ਲੈਣਾ ਦੋਸ਼ੀ ਆਪਣੇ ਆਪ ਨੂੰ

ਬੁਢਾਪੇ 'ਚ ਦਰ ਦਰ ਰੁਲ਼ਣਾ
ਔਰਤ ਦੀ ਕਵਿਤਾ ਹੀ ਤਾਂ ਹੈ
ਕਵਿਤਾ ਸਿਰਫ਼ ਮੇਰਾ ਸੁਹੱਪਣ ਨਹੀਂ
ਮੇਰੇ ਦੁੱਖ ਵੀ ਮੇਰੀ ਕਵਿਤਾ ਹੈ
ਮੇਰੇ ਸੁੱਖ ਵੀ ਮੇਰੀ ਕਵਿਤਾ ਹੈ
ਇਹੀ ਤਾਂ
ਔਰਤ ਦੀ ਕਵਿਤਾ ਹੈ।
✪

## ਅੱਜ ਦੇ ਖ਼ੁਦਾ

ਉਹ ਹਿੰਦੂ, ਮੁਸਲਿਮ ਜਾਂ ਸਿੱਖ ਨਹੀਂ
ਉਹ ਤਾਂ ਹਾਕਮ ਹੈ
ਉਹਦਾ ਕੋਈ ਧਰਮ ਨਹੀਂ
ਜਿਸ ਦਿਨ ਗੱਦੀ ਰਤਾ ਕੁ ਹਿੱਲੇ
ਸਾਰੇ ਹਾਕਮ ਅਮਨ ਚੈਨ ਦੇ ਨਾਂ ਦੇ ਉੱਤੇ
ਸੂਰ, ਗਊ, ਸਿਗਰਟਾਂ
ਸੁਟਾ ਕੇ ਮੰਦਰੀਂ
ਪਵਿੱਤਰ ਗਰੰਥਾਂ ਦੀ ਬੇਅਦਬੀ ਕਰ
ਲੋਕਾਂ ਨੂੰ ਪਾੜਨ
ਤੱਤੇ ਤੱਤੇ ਭਾਸ਼ਨ ਦੇ ਕੇ
ਜ਼ਹਿਰ ਮਨਾਂ ਵਿੱਚ ਵਾੜਨ
ਲੋਕੀ ਹੋਵਣ ਅੱਗ ਬਗੂਲੇ
ਇੱਕ ਦੂਜੇ ਨੂੰ ਪਏ ਤਾੜਨ
ਮੌਕਾ ਦੇਖ ਜੈਕਾਰੇ ਛੱਡਣ
ਬਿਨ-ਕਾਰਣ ਹਮਸਾਏ ਸਾੜਨ
ਪਹਿਨ ਮਖੌਟਾ ਹਾਕਮ ਮੁਸਕੜੀਂਏ ਹੱਸਣ
ਅੱਖ ਦੇ ਨਾਲ ਅੱਖ ਮਿਲਾਉਣ
ਵਾਰੀ ਵਾਰੀ ਕੁਰਸੀ ਮੱਲ੍ਹਦੇ
ਇਹ ਤਾਂ ਹਨ ਦੌਲਤ ਦੇ ਲੋਭੀ
ਸੱਤਾ ਲਈ ਇਹ ਧਰਮ ਪੂਜਦੇ
ਰੱਬ ਇਹਨਾਂ ਲਈ ਮੋਮ ਦਾ ਗੁੱਡਾ
ਆਪਣੇ ਵਾਂਗੂੰ ਢਾਲ ਲੈਂਦੇ ਨੇ
ਭਿੱਖਿਆ ਲਈ ਵੋਟਾਂ ਮੰਗਣ
ਦੋਨੋਂ ਹੱਥ ਜੋੜਨ
ਬੜੇ ਸਾਊ ਬੀਬੇ ਬਣਕੇ
ਗੱਦੀ ਤੇ ਜਦ ਬਹਿ ਜਾਂਦੇ ਨੇ
ਆਪਣੇ ਆਪ ਨੂੰ ਖ਼ੁਦਾ ਅਖਵਾਉਂਦੇ ਨੇ।

✪

## ਅਸੀਮਤ ਭੁੱਖ

ਗੁਆਚ ਗਈ ਹਾਂ ਭੀੜ ਵਿੱਚ
ਜਿਹੜੀ ਵਾਹੋਦਾਹ ਰਹੀ ਹੈ ਘੁੰਮ
ਦਾਇਰਿਆਂ ਵਿੱਚ
ਲਕਸ਼ਹੀਣ ਬੁੱਤ ਫਿਰ ਰਹੇ ਹਨ ਭੱਜੇ
ਸਿਰਾਂ ਤੇ ਪੈਰ ਰੱਖ ਕੇ
ਅੱਖਾਂ ਨੂੰ ਜੇਬਾਂ ਵਿੱਚ ਪਾ
ਸਹਿਮੇ ਸਹਿਮੇ ਅੰਨ੍ਹੇਵਾਹ ਭੱਜਦੇ
ਇੱਕ ਦੂਜੇ 'ਚ ਵੱਜਦੇ
ਪਰ ਦਿਲਾਂ ਤੋਂ ਦਿਲਾਂ
ਵਿਚਲੇ ਕੋਹਾਂ ਦੇ ਫਾਸਲੇ ਤੇ
ਇੱਕ ਦੂਜੇ ਨੂੰ ਮਿੱਧਣ ਦੀ ਕਾਹਲ ਵਿੱਚ
ਵਿਹਲ ਨਹੀਂ ਮਰਨ ਦੀ ਵੀ
ਦਾਇਰਿਆਂ ਵਿੱਚ ਘੁੰਮ ਰਹੇ ਹਨ
ਮੰਜ਼ਲਾਂ ਤੋਂ ਵਾਂਝੇ
ਦਿਲਾਂ ਵਿੱਚ ਇੱਕ ਖੌਫ ਲੈ ਕੇ
ਖੌਫ ਜਿਊਣ ਦਾ, ਮਰਨ ਦਾ,
ਖਾਣ ਦਾ, ਪੀਣ ਦਾ
ਪਹਿਨਣ ਦਾ, ਸੁਣਨ ਦਾ,
ਕਹਿਣ ਦਾ, ਦੇਖਣ ਦਾ,
ਬੱਚਿਆਂ ਦਾ, ਮਾਪਿਆਂ ਦਾ
ਬਲਾਤਕਾਰੀਆਂ ਦਾ, ਸਰਕਾਰੀਆਂ ਦਾ
ਭ੍ਰਿਸ਼ਟਾਚਾਰੀਆਂ ਦਾ,
ਘਰਾਂ ਦਾ, ਕਾਰਾਂ ਦਾ,
ਲੋੜਾਂ ਦਾ, ਗਰਜ਼ਾਂ ਦਾ,
ਸਾਡੀ ਅਸੀਮਤ ਭੁੱਖ ਦੇ

ਪ੍ਰਛਾਂਵੇ ਹੋ ਗਏ ਹਨ
ਸਾਡੀ ਦੌੜ ਵਿੱਚ ਸ਼ਾਮਲ
ਅਸੀਂ ਹਰ ਵਕਤ ਲੱਭ ਰਹੇ ਹਾਂ
ਵੰਨ-ਸਵੰਨੇ ਖੌਫ
ਪਰ ਸ਼ਨਾਖਤ ਨਹੀਂ ਕਰਦੇ
ਲੋੜਾਂ ਤੇ ਗਰਜ਼ਾਂ ਵਿਚਲੇ ਫਾਸਲੇ ਦੀ
ਗਰਜ਼ਾਂ ਦੀ ਭੱਠੀ ਵਿੱਚ
ਧੱਸ ਕੇ ਭੁਲਾ ਬੈਠੇ ਹਾਂ
ਜ਼ਿੰਦਗੀ ਨੂੰ ਜਿਊਣ ਦੀਆਂ
ਨਿੱਕੀਆਂ ਨਿੱਕੀਆਂ ਲੋੜਾਂ ਨੂੰ।

## ਗੰਧਲਾਪਣ

ਮੈਂ ਇੱਕ ਪੰਛੀ ਹੋਵਾਂ
ਜੋ ਟਹਿਣੀ ਤੋਂ ਟਹਿਣੀ ਫੁਦਕਦਾ
ਚੋਹਲ ਮੋਹਲ ਕਰਦਾ
ਸੁਗੰਧੀਆਂ ਮਾਣਦਾ
ਖੀਵਾ ਹੋ ਚੀਂ-ਚੀਂ, ਕਾਂ-ਕਾਂ
ਗੁਟਰ-ਗੂੰ ਕਰਦਾ
ਮਨੁੱਖ ਵੀ ਸੁਫਨੇ ਲੈਂਦਾ
ਸੁਫਨਿਆਂ ਵਿੱਚ
ਪੰਛੀਆਂ ਵਾਂਗ ਉਡਣਾ ਲੋਚਦਾ
ਅਜ਼ਾਦ ਫਿਜ਼ਾ ਵਿੱਚ ਸਾਹ ਲੈਣ ਲਈ
ਉੱਡਣ ਦੀਆਂ ਤਰਕੀਬਾਂ ਕਰਦਾ
ਡੂੰਘੇ ਸਮੁੰਦਰਾਂ 'ਚ ਤੈਰਦਾ
ਕਦੇ ਲੋਹੇ ਦੇ ਪਰਾਂ ਤੇ
ਸੂਰਜ ਚੰਦਰਮਾ ਨਾਲ
ਅਠਖੇਲ੍ਹੀਆਂ ਕਰਦਾ
ਦੇਸ਼ ਵਿਦੇਸ਼ ਘੁੰਮਦਾ
ਇੱਛਾਵਾਂ ਦਾ ਪੱਲੂ ਓੜਦਾ
ਪੰਛੀਆਂ ਤੋਂ ਭਿੰਨ
ਉਹਨਾਂ ਤੋਂ ਉਲਟ ਸੋਚਦਾ
ਹੋਰਾਂ ਦੇ ਮੋਢਿਆਂ ਤੇ ਬਹਿ
ਹੋਰ ਉੱਚੀਆਂ ਉਡਾਣਾਂ ਕਿਆਸਦਾ
ਦੂਜਿਆਂ ਨੂੰ ਬੇਝਿਜਕ ਲਿਤਾੜਦਾ
ਹੋਰ ਦੂਰ ਪਰੇ ਉੱਡਣਾ ਚਾਹੁੰਦਾ
ਹੋਰ ਦੂਰ ਹੋਰ ਦੂਰ
ਭਾਂਵੇ ਫਿਜ਼ਾ ਗੰਧਲੀ ਤੇ ਧੁਆਂਖੀ ਹੋਵੇ।

## ਭੁੱਖ

ਹੱਡੀਆਂ ਦੀ ਮੁੱਠ, ਅੱਖਾਂ ਧੱਸੀਆਂ
ਨੰਗ ਧੜੰਗਾ, ਮਰਨ ਕਿਨਾਰੇ
ਹੱਥ ਅੱਡ ਅੱਡ, ਭੁੱਖੀਆਂ ਨਜ਼ਰਾਂ ਨਾਲ
ਕੁਦਰਤ ਦਾ ਜੀਵ ਜੂਝ ਰਿਹਾ ਹੈ
ਢਿੱਡ ਦੀ ਭੁੱਖ ਨਾਲ।

ਹਾਬੜ੍ਹਿਆ ਹੋਇਆ
ਪੈਸੇ ਦੇ ਨਸ਼ੇ ਵਿੱਚ ਧੁੱਤ
ਹੜਦੁੰਭ ਮਚਾਉਂਦਾ
ਕਰੂੰਬਲਾਂ ਮਿੱਧਦਾ
ਲਲਕਾਰ ਰਿਹਾ ਹੈ
ਹਵਸ ਦੀ ਭੁੱਖ ਨੂੰ।

ਬਾਲੜੀ ਉਮਰੇ,
ਸਬਜ਼ਬਾਗਾਂ ਦੇ ਸੁਫਨੇ
ਦਿਸ਼ਾਹੀਣ ਭਟਕਣ
ਮੰਡੀ ਦੀ ਚਕਾਚੌਂਧ ਵਿੱਚ
ਨਿਆਸਰੀ, ਬੇਲਕਸ਼
ਸੱਧਰਾਂ ਦੇ ਲਹੂ ਬੀਜਦੀ
ਮਜ਼ਬੂਰ ਹੈ ਤਨ ਢਕਣ ਦੀ ਭੁੱਖ ਲਈ।

ਮੰਡੀ ਦੇ ਵਿਉਪਾਰੀ
ਮਨੁੱਖਾਂ ਨੂੰ ਕੀੜੇ ਮਕੌੜੇ ਸਮਝਦੇ
ਆਟਾ ਭੁੱਕਦੇ ਬਾਹਰ ਕੱਢਦੇ
ਭੌਣ ਤੇ ਬਾਰੂਦ ਛਿੜਕਦੇ
ਕੁੱਝ ਬਚਦੇ, ਕੁੱਝ ਸਹਿਕਦੇ

ਕੁੱਝ ਮਰਦੇ
ਉਹ ਜਸ਼ਨ ਮਨਾਉਂਦੇ
ਕਰਦੇ ਹਨ ਐਲਾਨ
ਤਾਕਤ ਦੀ ਭੁੱਖ ਦਾ।

ਰੂੜੀਆਂ ਤੋਂ ਡੱਕੇ ਚੁਗਦੀ
ਥੈਲੇ ਭਰਦੀ, ਰੋੜੀ ਕੁੱਟਦੀ
ਨੰਗ ਢੱਕਦੀ
ਆਪਣਾ ਆਪਾ ਕੱਜਦੀ
ਕਹਿਰੀਆਂ ਹਵਸਾਂ ਤੋਂ ਬਚਦੀ
ਸਬਰਾਂ ਦੇ ਘੁੱਟ ਭਰਦੀ
ਕਰਦੀ ਹੈ ਜਦੋਜਹਿੱਦ
ਅਰਮਾਨਾਂ ਦੀ ਭੁੱਖ ਲਈ।

ਝੂਠਾਂ ਦੇ ਹਾਰ
ਰਾਜਨੀਤੀ ਦੀ ਟੋਪੀ
ਜ਼ੁਲਮਾਂ ਦੀ ਧਾੜ੍ਹ
ਮੀਆਂ ਮਿੱਠੂ ਮੂੰਹ
ਦੁਸ਼ਮਣਾਂ ਸੰਗ ਜੱਫੀਆਂ
ਚਮਚਿਆਂ ਦੀ ਭਰਮਾਰ
ਚਿੱਟ-ਕੱਪੜੀਆ ਬਗਲਾ ਭਗਤ
ਮਗ਼ਰੂਰ ਹੈ ਚੌਧਰ ਦੀ ਭੁੱਖ ਵਿੱਚ।

ਮੂੰਹ ਮੁਲਾਹਜ਼ੇ, ਜਾਣ-ਪਛਾਣ
ਚਾਹ-ਪਕੌੜੇ, ਬਰਫੀ-ਸਮੋਸੇ
ਫੁੱਲਾਂ ਦੇ ਗੁਲਦਸਤੇ, ਮੈਡਲ-ਸ਼ੈਡਲ
ਸ਼ਾਲਾਂ-ਲੋਈਆਂ ਦੀ ਭਰਮਾਰ
ਪੈਸੇ ਲਈ ਇਮਾਨ ਵੇਚਦੇ
ਮੰਡੀ ਯੁੱਗ ਦੇ ਹਾਣੀ ਬਣਦੇ
ਭਲਮਾਣਸੀ ਦਾ ਘੁੰਡ ਕੱਢ ਕੇ
ਖੜ੍ਹਦੇ ਹਨ ਸਨਮਾਨ ਦੀ ਭੁੱਖ ਲਈ।

ਭੁੱਖ ਤਾਂ ਚਾਹੇ
ਤਨ ਦੀ ਹੈ, ਮਨ ਦੀ ਹੈ,
ਢਿੱਡ ਦੀ ਹੈ, ਲਾਲਸਾ ਦੀ ਹੈ
ਮਾਣ ਦੀ ਹੈ, ਸਨਮਾਨ ਦੀ ਹੈ,
ਤਾਕਤ ਦੀ ਹੈ, ਚੌਧਰ ਦੀ ਹੈ
ਭੁੱਖ ਤਾਂ ਬੁਰੀ ਨਹੀਂ
ਪਰ ਭੁੱਖ ਦਾ ਰੋਗ ਬੁਰਾ ਹੈ,
ਭੁੱਖ ਦਾ ਰੋਗ ਬੁਰਾ ਹੈ।
✪

# ਕੋਈ ਕਦੋਂ ਤੱਕ

ਕੋਈ ਕਦੋਂ ਤੱਕ ਇਸ ਤਰ੍ਹਾਂ ਕਰਦਾ ਰਹੇਗਾ
ਜ਼ਖ਼ਮਾਂ ਦੀ ਅੱਲ੍ਹੀ ਪੀੜ ਨੂੰ ਹੱਡਾਂ ਤੇ ਜਰਦਾ ਰਹੇਗਾ
ਕਦੋਂ ਤੱਕ ਹਨ੍ਹੇਰਿਆਂ ਨਾਲ ਸਿੱਝਣ ਲਈ
ਕੋਝੀਆਂ ਚਾਲਾਂ ਦੀ ਜਲਾਲਤ ਵਿੱਚ ਮਰਦਾ ਰਹੇਗਾ
ਕਦੋਂ ਤੱਕ ਕਾਇਨਾਤ ਨੂੰ ਰੁਸ਼ਨਾਉਣ ਲਈ
ਉਹ ਥਾਂ ਥਾਂ ਦੀਵੇ ਧਰਦਾ ਰਹੇਗਾ
ਕਦੋਂ ਤੱਕ ਭੂਤਰਿਆਂ ਸਾਨ੍ਹ ਲੈਰੇ ਲੈਰੇ ਪੋਗੇ
ਚਾਮਲ੍ਹ ਚਾਮਲ੍ਹ ਚਰਦਾ ਰਹੇਗਾ
ਕਦੋਂ ਤੱਕ ਜ਼ਹਿਰਾਂ ਨੂੰ ਗਟਾ ਗਟ ਪੀ ਕੇ
ਪਚੀਦਗੀ ਦੀਆਂ ਗੰਢਾਂ ਸੰਗ ਲੜਦਾ ਰਹੇਗਾ
ਕਦੋਂ ਤੱਕ ਇਹ ਜ਼ਹਿਰਾਂ ਦਾ ਵਿਉਪਾਰੀ
ਮਨੁੱਖਤਾ ਨਾਲ ਖਿਲਵਾੜ ਕਰਦਾ ਰਹੇਗਾ
ਕਦੋਂ ਤੱਕ ਤੁਹਾਡੀਆਂ ਆਸਾਂ ਦੇ ਦੀਵੇ ਬੁਝਾ ਕੇ
ਬੇਵਕਤ ਮੌਸਮਾਂ 'ਚ ਬੰਬਾਂ ਸੰਗ ਵਰ੍ਹਦਾ ਰਹੇਗਾ
ਤੂਫ਼ਾਨਾਂ ਨਾਲ ਟਕਰਾ ਕੇ ਵੀ, ਜੇ ਪਾਈ ਨਾ ਹਿੰਮਤ
ਕਦੋਂ ਤੱਕ ਕੱਚੇ ਕੋਰਿਆਂ ਵਾਂਗ ਝਰਦਾ ਰਹੇਗਾ
ਉਜਾਲੇ ਖਾਣਾ ਇਹ ਨੀਂਦਾਂ ਦਾ ਵੈਰੀ
ਕਦੋਂ ਤੱਕ ਹਨੇਰਿਆਂ ਦਾ ਦਮ ਭਰਦਾ ਰਹੇਗਾ
ਜੱਫਰ ਜਾਲ਼ ਕੇ, ਇਨਸਾਨੀਅਤ ਮਾਰ ਕੇ
ਭੁੱਖੇ ਦੈਂਤ ਦੇ ਜੁਬਾੜ੍ਹਿਆਂ 'ਚ ਦੜਦਾ ਰਹੇਗਾ
ਸਿਰ ਸੁੱਟ ਕੇ ਹਿੰਮਤ ਹਾਰ ਕੇ
ਕਦੋਂ ਤੱਕ ਤੇਰਾ ਇਵੇਂ ਸਰਦਾ ਰਹੇਗਾ
ਭਲਾ ਕਦੋਂ ਤੱਕ ਕੋਈ ਇਸ ਤਰ੍ਹਾਂ ਕਰਦਾ ਰਹੇਗਾ।
✪

## ਦੇਸ਼ ਭਗਤੀ

"ਦੇਸ਼ ਭਗਤੀ" ਵਰਗਾ ਸ਼ਬਦ
ਆਉਂਦਾ ਹੈ ਜਦ ਜ਼ੁਬਾਨ ਤੇ
ਤਾਂ ਆਪਾ ਕੁਰਬਾਨ ਕਰਨ ਨੂੰ ਤਿਆਰ
ਹੋ ਬਹਿੰਦੇ ਹਨ ਉਥੋਂ ਦੇ ਸੂਰਮੇ
ਜਿਹਨਾਂ ਦੇ ਰਗ ਰਗ ਵਿੱਚ ਪਰੁੱਚਿਆ ਹੈ
ਉਸ ਧਰਤੀ ਦਾ ਮੋਹ
ਭਾਰਤ ਦੀ ਧਰਤੀ ਦੇ ਬਸ਼ਿੰਦੇ
ਬਦਲ ਰਹੇ ਹਨ ਦੇਸ਼ ਭਗਤੀ ਦੇ ਮਾਅਨੇ
ਕਿਉਂਕਿ ਢਿੱਡ ਦੀ ਸਮੱਸਿਆ
ਹੋ ਗਈ ਹੈ ਵੱਡੀ
ਨਾਕਾਬਲ ਹੋ ਗਈ ਹੈ ਲੋਹਾ ਚੱਬਣ ਦੇ
ਖੇਤਾਂ ਵਿੱਚ ਹੀ ਫਾਹੇ ਲੈ
ਕਰਦੇ ਹਨ ਜੀਵਨ ਪ੍ਰੰਪਰਾ ਨੂੰ ਮੁਕਤ
ਸੱਤਾਧਾਰੀ ਉਹਨਾਂ ਦਾ ਮਨ ਬਦਲਣ ਲਈ
"ਭਾਰਤ ਮਾਤਾ ਕੀ ਜੈ" ਜਾਂ
"ਜੈ ਹਿੰਦ"
ਵਿੱਚ ਕਰਦੇ ਹਨ ਗੁੰਮਰਾਹ
ਦੇਸ਼ ਭਗਤੀ ਦੇਸ਼ ਦੇ ਲੋਕਾਂ
ਉਹਨਾਂ ਦੇ ਸੁੱਖ, ਅਰਾਮ, ਸਕੂਨ
ਤੇ ਦੇਸ਼ ਪ੍ਰਤੀ ਪਿਆਰ ਨਾਲ ਜਾਂਦੀ ਹੈ ਮਾਪੀ
ਇਹਨਾਂ ਤੁੱਛ ਨਾਹਰਿਆਂ ਨਾਲ ਨਹੀਂ।

✪

# ਮੈਂ ਤੇ ਤੂੰ

ਧਰਤੀ ਇੱਕ ਖੰਡਰ ਸੀ
ਜਦੋਂ  ਮੈਂ ਧਰਤੀ ਤੇ ਆਇਆ
ਤਾਂ ਉਹ ਵੀ ਆ ਗਿਆ
ਇੱਕ ਦੂਜੇ ਨੂੰ ਪਿਆਰ ਕੀਤਾ
ਸੁਫਨੇ ਸੰਜੋਏ
ਰਿਸ਼ਤੇ ਜਰਬਾਂ ਕੀਤੇ
ਸੰਵੇਦਨਾਵਾਂ ਦੀ ਬਰਸਾਤ ਹੋਈ
ਚੁਫੇਰੇ ਹਰਿਆਵਲ ਹੋਈ
ਸੋਹਣੀ ਧਰਤੀ ਅਬਾਦ ਹੋ ਗਈ
ਨਾਲੋ ਨਾਲ ਮੈਂ ਤੇ ਤੂੰ ਵੀ ਆ ਗਏ
ਇੱਕ ਖੁੰਦਕ ਲਿਆਏ
ਮੇਰ ਤੇ ਤੇਰ ਦੀ
ਮੈਂ ਆਪਣੇ ਆਪ ਨੂੰ
ਮੈਂ - ਮੈਂ ਵਿੱਚ ਵੰਡ ਲਿਆ
ਰਿਸ਼ਤੇ ਵੰਡ ਲਏ
ਫਿਰ ਕਬੀਲੇ, ਪਿੰਡ,
ਸ਼ਹਿਰ, ਇਲਾਕੇ, ਦੇਸ਼
ਫਿਰ ਵੰਡ ਲਏ
ਰੰਗ, ਧਰਮ, ਜਾਤਾਂ ਤੇ ਕੌਮਾਂ
ਵੰਡੀਆਂ ਦਾ ਇੱਕ ਚੱਕਰ ਚੱਲਿਆ
ਇੱਕ ਯੁੱਧ ਛਿੜ ਗਿਆ
ਜਿਹੜਾ ਦਿਨੋ ਦਿਨ ਵਧਿਆ
ਪਰ ਕਦੇ ਨਾ ਠੱਲ੍ਹਿਆ
ਤੇ ਮੈਂ ਮਨੁੱਖ ਪਹੁੰਚ ਗਿਆ
ਖੰਡਰ ਦੀ ਸਿਖ਼ਰ ਤੇ।

✪

## ਹਨ੍ਹੇਰਾ

ਮਨ ਦੇ ਇਸ ਹਨ੍ਹੇਰੇ ਅੰਦਰ,
ਤਰਕ ਦਾ ਕੋਈ ਦੀਵਾ ਬਾਲ।
ਜ਼ਿੰਦਗੀ ਹੋ ਜਾਏ ਦੂਧੀਆ ਰੰਗੀ,
ਨ੍ਹੇਰੇ ਦਾ ਨਾ ਰਹੇ ਸਵਾਲ।
ਇੱਕ ਨ੍ਹੇਰਾ ਤਾਂ ਬਾਹਰ ਹੁੰਦਾ,
ਦੂਜਾ ਮਨ ਦਾ ਕੂੜ ਜ਼ੰਜਾਲ।
ਦੋਵੇਂ ਨ੍ਹੇਰੇ 'ਕੱਠੇ ਹੋ ਕੇ,
ਜ਼ਿੰਦਗੀ ਕਰਦੇ ਹਾਲੋਂ-ਬੇਹਾਲ।
ਥਾਂ ਥਾਂ ਦਿਸਣ ਖੋਜਾਂ ਹੀ ਖੋਜਾਂ,
ਮਨੁੱਖ ਦੀ ਸਿਰਜਣਾ ਬਾ-ਕਮਾਲ।
ਲਾਲਚ ਵਿੱਚ ਨਾ ਹੋ ਜਾ ਪਾਗਲ,
ਪ੍ਰਕਿਰਤੀ ਦੀ ਵੀ ਕਰ ਸੰਭਾਲ।
ਜ਼ਿੰਦਗੀ ਹੋ ਜੂ ਸੁੱਖਾਂ-ਲੱਧੀ,
ਦੋਸਤੀ ਕਰ ਲੈ ਸੂਰਜ ਨਾਲ।
ਮਨ ਦੇ ਇਸ ਹਨ੍ਹੇਰੇ ਅੰਦਰ,
ਤਰਕ ਦਾ ਕੋਈ ਦੀਵਾ ਬਾਲ।
✪

## ਝੂਠ ਕੀ ?

ਮੈਂ ਆਪਣੇ ਹੀ ਅੰਤਰ ਧਿਆਨ
ਇਹ ਸੁਣਿਆ
ਜ਼ਿੰਦਗੀ ਝੂਠ ਤੇ
ਮੌਤ ਸੱਚ ਹੈ,
ਅਟੱਲ ਹੈ,
ਭਾਣੇ ਤੇ ਨਿਰਭਰ ਹੈ
ਤਾਂ ਮੇਰੀ ਸੋਚ
ਭਬੂਕੇ ਵਾਂਗ ਉੱਠੀ
ਮੌਤ ਦਾ ਇੱਕ ਪਲ ਸੱਚ?
ਪਰ ਜ਼ਿੰਦਗੀ ਦੇ
ਪੰਜਾਹ ਤੋਂ ਸੌ ਵਰ੍ਹੇ ਝੂਠ ਕਿਉਂ?
ਇਹ ਦੋ ਤੇ ਦੋ ਪੰਜ ਕਹਿਣ ਦੀ
ਕਿਸਦੀ ਚਾਲ ਹੈ?
ਜ਼ਿੰਦਗੀ ਨੂੰ ਝੂਠ ਆਖਣ ਦੀ
ਹੌਂਸਲੇ ਪਸਤ ਕਰਨ ਦੀ
ਕੋਰਾ ਸੱਚ ਹੀ ਤਾਂ
ਨਾਂ ਹੈ ਜ਼ਿੰਦਗੀ ਦਾ
ਸੰਘਰਸ਼ ਦਾ
ਵਸੀਲਾ ਹੈ ਖੁਸ਼ੀਆਂ ਗਮੀਆਂ ਦਾ
ਸੰਸਾਰ ਹੈ ਮੋਹ ਪਿਆਰ ਦਾ
ਜ਼ੰਜਾਲ ਹੈ ਮਾਇਆ ਦੇ ਲੋਭ ਦਾ
ਮੰਜ਼ਲਾਂ ਦੀ ਥਾਹ ਪਾਉਣ ਦਾ
ਖੰਭ ਲਾ ਕੇ ਉੱਡਣ ਦੀ ਚਾਹ
ਧਰਤੀ ਤੇ ਚੱਲਣ ਦਾ ਅਨੰਦ
ਲੁੱਡੀਆਂ ਪਾਉਣ ਦੀ ਖੁਸ਼ੀ
ਮਾਣ ਮੱਤੇ ਸਨਮਾਨ ਦੀ ਲਾਲਸਾ

ਜੀਣ ਦਾ ਢੰਗ
ਅਦਭੁਤ ਨਜ਼ਾਰੇ
ਮੈਂ ਤਾਂ ਕਹਾਂਗੀ
ਜ਼ਿੰਦਗੀ ਝੂਠ ਨਹੀਂ
ਇਹ ਤਾਂ ਹੈ ਸੱਚ
ਅਟੱਲ ਸੱਚ
ਤੇ ਗੌਰਵਮਈ ਸੱਚ।

✪

# ਪ੍ਰਸ਼ਨ

ਉਸਦੀ ਪੱਥਰ ਵਾਂਗ ਖੜ੍ਹੀ ਹੋਈ ਸੋਚ,
ਠੰਢੀ ਯੱਖ ਕਿਉਂ ਹੈ?
ਇਹ ਥੋਹਰ ਦੇ ਬੂਟਿਆਂ ਸੰਗ
ਰੋਹੀ ਦਾ ਅੱਕ ਕਿਉਂ ਹੈ?
ਗਿਆਨ ਲੈ ਕੇ ਵੀ ਉਸਤੋਂ ਬਾਂਝੀ ਦੀ
ਬੰਦ ਤੀਸਰੀ ਅੱਖ ਕਿਉਂ ਹੈ?
ਜੀਭ, ਅੱਖਾਂ, ਕੰਨਾਂ ਦੇ ਹੁੰਦਿਆਂ,
ਅਜੇ ਵੀ ਗਿੱਚੀ ਪਿੱਛੇ ਮੱਤ ਕਿਉਂ ਹੈ?
ਅਧੀਨਗੀ ਦੀ ਪਾਤਰ, ਭੋਲ਼ੀ ਵਿਚਾਰੀ,
ਅੰਦਰੇ ਅੰਦਰ ਟੁਕੜਿਆਂ'ਚ ਪੱਛ ਕਿਉਂ ਹੈ?
ਸੁਰਮਈ ਅੱਖਾਂ, ਕਾਲੀਆਂ ਜ਼ੁਲਫਾਂ ਦੀ ਮਾਲਕ,
ਫਿਰ ਵੀ ਉਹਦੀ ਹਰ ਅਦਾ ਤੇ ਸ਼ੱਕ ਕਿਉਂ ਹੈ?
ਉਲਝੀ ਹੈ ਤਰੀਫ਼ਾਂ ਦੇ ਜੰਗਲ ਵਿੱਚ,
ਝੂਠ ਦੇ ਪਰਦੇ ਹੇਠ ਇਹ ਕੋਰਾ ਸੱਚ ਕਿਉਂ ਹੈ?
ਹੁਸਨਾਂ ਦੀ ਮਲਕਾ, ਸਰਾਪੇ ਜੋਬਨਾਂ ਦੇ ਨਾਲ,
ਗੜੁੱਚੀ ਵਿੱਚ ਰੱਤ ਹੀ ਰੱਤ ਕਿਉਂ ਹੈ?
ਉਸਦੀ ਬਰਫ਼ ਵਾਂਗ ਠਰੀ ਹੋਈ ਸੋਚ,
ਠੰਢੀ ਯੱਖ ਕਿਉਂ ਹੈ?
✪

## ਨਿੱਜ ਤੋਂ ਬਜ਼ਾਰ ਤੱਕ

ਉਸ ਨੇ ਕਿਹਾ
ਹੁਣ ਤੂੰ ਵਸਤੂ ਨਹੀਂ
ਨਾ ਹੀ ਨਿੱਜੀ ਜਾਇਦਾਦ ਹੈਂ
ਮੈਂ ਤ੍ਰਬਕੀ "ਹੈਂ"
ਸ਼ੱਕ ਨਾਲ ਤੱਕਿਆ ਉਸ ਵੱਲ
ਉਸਦੀਆਂ ਅੱਖਾਂ ਵਿੱਚ ਅੱਖਾਂ ਪਾ
ਯਕੀਨਨ!
ਮਿਲਿਆ ਸਕੂਨ
ਮੰਜ਼ਲ ਲੱਭ ਪਈ
ਹਾਂ ਮੰਜ਼ਲ ਲੱਭ ਪਈ
ਮੈਂ ਲੋਟਪੋਟ
ਸ਼ਾਮਲ ਅਜ਼ਾਦੀ ਦੇ ਜਸ਼ਨਾਂ ਵਿੱਚ

ਮੈਂ ਅਜ਼ਾਦ ਹਾਂ
ਕਰ ਸਕਦੀ ਹਾਂ ਉਹ ਸਭ
ਮੇਰੀ ਮਰਜ਼ੀ ਮੁਤਾਬਕ
ਡਿਊਟੀ ਦਿਨ ਰਾਤ ਦੀ
ਬੰਨ੍ਹ ਸਕਦੀ ਹਾਂ ਪੰਡ ਡਾਲਰਾਂ ਦੀ
ਖ਼੍ਰੀਦ ਸਕਦੀ ਹਾਂ ਮਨ ਚਾਹਿਆ
ਗਹਿਣੇ-ਗੱਟੇ, ਕੱਪੜੇ, ਸੁੰਦਰਤਾ
ਮਰਦ ਤੇ ਰੁਤਬਾ
ਤੇ ਬਦਲੇ ਵਿੱਚ ਵੇਚ ਵੀ ਸਕਦੀ ਹਾਂ
ਕਿਰਤ ਸ਼ਕਤੀ, ਜਿਸਮ ਤੇ ਜ਼ਮੀਰ ਤੱਕ

ਕਿਉਂਕਿ
ਹੁਣ ਮੈਂ ਲਛਮਣ ਰੇਖਾਵਾਂ ਤੋਂ ਪਾਰ
ਹੋ ਗਈ ਹਾਂ ਵਿਸ਼ਵਵਿਆਪੀ
ਪਹੁੰਚੀ ਹਾਂ ਵਿਸ਼ਵ ਮੰਡੀ ਵਿੱਚ
ਹੁਣ ਪਰਿਵਾਰ ਤੋਂ ਪਹਿਲਾਂ
ਮੈਂ ਬਹੁਤੀਆਂ ਸੇਵਾਵਾਂ
ਕਰਦੀ ਹਾਂ ਅਰਪਣ
ਬੇਝਿਜਕ ਉਹਨਾਂ ਨੂੰ
ਜਿਨ੍ਹਾਂ ਨੇ ਮੇਰੇ ਬਾਬਲਾਂ ਦਾ,
ਭਰਾਵਾਂ ਦਾ ਤੇ ਮੇਰੇ ਪੁੱਤਾਂ ਦਾ
ਪੀਤਾ ਹੈ ਖ਼ੂਨ ਸਦੀਆਂ ਤੋਂ
ਆਪਣੇ ਲਹੂਆਂ ਦਾ ਰੰਗ ਸੁਰਖ ਕਰਨ ਲਈ

ਆਪਣੇ ਐਸ਼ੋਇਸ਼ਰਤ ਲਈ
ਜਚਾ ਦਿੱਤਾ ਹੈ ਉਹਨਾਂ ਮੈਨੂੰ ਵੀ
ਮੇਰੇ ਵਾਰਸਾਂ ਵਾਂਗ
ਮੇਰੀ ਕਿਸਮਤ ਦੀ ਹੋਣੀ ਤੇ
ਦੰਭੀ ਸੋਚ ਦੀ ਗੁਲਾਮੀ ਦਾ ਅਹਿਸਾਸ
ਤੇ ਬਣ ਗਈ ਹਾਂ ਗੁਲਾਮ ਸੋਚ ਦੀ
ਅਜ਼ਾਦੀ ਦੀ ਪ੍ਰਤੀਕ
ਹੁਣ ਮੈਂ ਵਸਤੂ ਨਹੀਂ ਤੇ
ਨਾ ਹੀ ਨਿੱਜੀ ਜਾਇਦਾਦ ਹਾਂ?
✪

## ਸੁਫਨੇ

ਸੁਫਨਿਆਂ ਦੇ ਸੰਸਾਰ 'ਚ ਵਿਚਰਨਾ
ਹੁੰਦਾ ਹੈ ਦੁਰਲੱਭ ਹੀ ਤਾਂ
ਤੈਰਨਾ, ਉਡਣਾ, ਮੰਜ਼ਲਾਂ ਨੂੰ ਛੋਹਣਾ
ਮਰਦੇ ਤੇ ਟੁੱਟਦੇ ਉਦੋਂ ਹਾਂ
ਜਦੋਂ ਸੁਫਨਾ ਸੱਚ ਨਹੀਂ
ਸਿਰਫ਼ ਰੂਪ ਧਾਰਦਾ ਹੈ ਕਲਪਨਾ ਦਾ
ਬਣਦਾ ਹੈ ਜ਼ੀਰੋ
ਕਲਪਨਾ ਜਾਂ ਸੁਫਨਿਆਂ ਦੇ
ਸਮੀਕਰਣ ਨੂੰ ਵੀ
ਮੰਨ ਕੇ ਚੱਲਣ ਲਈ
ਲੋੜ ਹੈ ਏ. ਬੀ. ਸੀ. ਵਰਗੇ
ਕਰੈਕਟਰਾਂ ਦੀ
ਜੋ ਬਹੁਤੀ ਵਾਰੀ
ਆਮ ਆਦਮੀ ਦੇ ਹੱਥੋਂ
ਜਾਂਦੇ ਹਨ ਖਿਸਕ
ਅਛੋਹਪਲੇ ਜਿਹੇ
ਸੁਨਹਿਰੇ ਸੁਪਨੇ
ਜਾਂਦੇ ਹਨ ਗੁਆਚ
ਰਾਤ ਦੇ ਹਨ੍ਹੇਰੇ ਵਿੱਚ।
✪

# ਸਭ ਅੱਛਾ ਹੈ?

ਰੌਸ਼ਨੀਆਂ ਦੇ ਸ਼ਹਿਰਾਂ ਅੰਦਰ,
ਬੇਸੁੱਧ ਬੇਲਕਸ਼ ਹਾਂ ਭੱਜੇ ਫਿਰਦੇ
ਚੈਨ ਦੀ ਨੀਂਦ ਨਾ ਭਾਵੇਂ ਸੌਂਦੇ
ਨੰਬਰ ਵੰਨ ਹੋਣ ਦਾ ਦਾਅਵਾ ਕਰਦੇ
ਪਰ ਲੈਗ੍ਰੀ ਉਮਰ ਦੇ ਮੁੰਡੇ ਕੁੜੀਆਂ
ਉਮਰਾਂ ਨੂੰ ਮਨਫੀ ਤਕਸੀਮਾਂ ਕਰਦੇ
ਇਸ ਸ਼ਹਿਰ ਦੀਆਂ ਗਲ਼ੀਆਂ ਦੇ ਵਿੱਚ
ਮੁੱਕੀਆਂ ਦੇ ਦੇ ਢਿੱਡ ਨੇ ਭਰਦੇ
ਮੋਢਿਆਂ ਤੇ ਜੁੱਲੀਆਂ ਚੱਕ ਕੇ
ਹੇਸਟਿੰਗਜ਼ ਵਰਗੀਆਂ ਗਲ਼ੀਆਂ 'ਚ ਰੁਲ਼ਦੇ
ਲੋਕਾਂ ਅੱਗੇ ਹੱਥ ਅੱਡ ਕੇ
ਮੰਗਤੇ ਹੋਣ ਦੀ ਹਾਮੀ ਭਰਦੇ
ਭੁੱਖਾਂ ਦੇ ਨਾਲ ਨਿੱਤ ਝਗੜਦੇ
ਠੰਢਾਂ ਦੇ ਵਿੱਚ ਠੁਰ ਠੁਰ ਕਰਦੇ
'ਠੇਕੇਦਾਰ' ਮੁਫ਼ਤ ਦੇ ਟੀਕੇ ਲਾਉਂਦੇ
'ਦਾਨੀ ਸੱਜਣ' ਢਿੱਡ ਨੇ ਭਰਦੇ
ਲਕਸ਼ਹੀਣ ਨੇ ਇਹ ਸਾਰੇ ਦੇ ਸਾਰੇ
ਨਾ ਇਹ ਜ਼ਿੰਦਾ, ਨਾ ਇਹ ਮਰਦੇ
ਇਹ ਧੱਕੇ ਹਾਸ਼ੀਏ ਦੇ ਹਸਤਾਖ਼ਰ
ਬਿਨ੍ਹਾ ਸ਼ਨਾਖ਼ਤ ਪਲ਼ਦੇ ਮਰਦੇ
ਰੀਂਗ ਰੀਂਗ ਕੇ ਜ਼ਿੰਦਗੀ ਜਿਉਂਦੇ
ਮਰਦੇ ਨੇਰ੍ਹਿਆਂ ਦੇ ਨਾਲ ਲੜਦੇ ਲੜਦੇ
ਇਸ ਦੇਸ਼ ਦੇ ਸੱਤਾਧਾਰੀ
ਕਾਰਪੋਰੇਸ਼ਨਾਂ ਦਾ ਪਾਣੀ ਭਰਦੇ
ਝੂਠੀ ਸ਼ਾਨ ਤੇ ਸ਼ੁਹਰਤ ਦੇ ਵਸ
ਦਿਨ ਰਾਤ ਖਮਿਆਜ਼ਾ ਭਰਦੇ
'ਸਭ ਅੱਛਾ ਹੈ' ਦੇ ਭਰਮ ਭੁਲੇਖੇ

ਇਹਨਾਂ ਨੂੰ ਅਣਦੇਖਿਆਂ ਕਰਦੇ
ਆਮ ਆਦਮੀ ਕਿਸ਼ਤਾਂ ਨਾਲ ਘੁਲ਼ਦੈ
ਮਨੁੱਖੀ ਰਿਸ਼ਤਿਆਂ ਦਾ ਕਬਾੜਾ ਕਰਕੇ
ਸੁੱਧ ਬੁੱਧ ਸਭ ਗਵਾ ਰਹੇ ਨੇ
ਖ਼ੌਫ਼ ਦੇ ਵਿੱਚ ਨੇ ਜੀਂਦੇ ਮਰਦੇ
ਬਹੁ-ਸਭਿਆਚਾਰ ਦੀ ਦੇਣ ਦੁਹਾਈ
ਪਰ ਜਿੱਥੇ ਦਾਓ ਲੱਗਦੈ, ਕਦੇ ਨਾ ਟਲ਼ਦੇ
ਸੱਤਾਧਾਰੀ ਇਸ ਦੇਸ਼ ਦੇ
ਖੋਹ ਲੋਕਾਂ ਦੀਆਂ ਸੁੱਖ ਦੀਆਂ ਨੀਂਦਾਂ
ਆਪ ਉਹਨਾਂ ਦੇ ਪੈਸੇ ਸਿਰ ਤੇ
ਘੂਕੀ ਵਿੱਚ ਘੁਰਾੜੇ ਭਰਦੇ
ਘੂਕੀ ਵਿੱਚ ਘੁਰਾੜੇ ਭਰਦੇ।
✪

## ਬਾਜ਼

ਜਿਹੜੇ ਦੈਂਤ ਨਾਲ
ਵਿੱਢੀ ਸੀ ਲੜਾਈ
ਹੁਣ ਬਲਵਾਨ ਹੋ ਗਿਆ ਹੈ
ਉਹ ਹੋਰ
ਚਿੜੀਆਂ ਨੂੰ ਨਿਗੁਣਾ
ਚੋਗਾ ਪਾ ਪਾ
ਕੁਤਰਦਾ ਰਿਹਾ ਉਹਨਾਂ ਦੇ ਖੰਭ
ਭਰ ਦੀਆਂ ਰਹੀਆਂ ਉਹ
ਹੁੰਗਾਰਾ ਸਿਰਫ ਜੀਣ ਲਈ
ਇੱਕ ਦਿਨ ਹੋਈਆਂ 'ਕੱਠੀਆਂ
ਮਤਾ ਪਕਾਉਣ ਲਈ
ਕਰਨ ਲੱਗੀਆਂ ਦੁੱਖ ਸੁੱਖ
ਪਾਉਣ ਲੱਗੀਆਂ
ਕਹਾਣੀ ਗੁਰਬਤ ਦੀ
ਹਿਸਾਬਾਂ ਵਿੱਚ ਪੈ ਗਈਆਂ
ਮਾੜੇ ਕਰਮਾਂ ਦੇ
ਗੱਲਾਂ ਗੱਲਾਂ ਵਿਚੋਂ ਸੂਹ ਮਿਲ ਗਈ
ਰੱਬ ਦੇ ਦਲਾਲ ਦੀ
ਕਰਨ ਲੱਗੀਆਂ ਤਲਾਸ਼
ਅਜ਼ਾਦੀ ਦੀ ਜ਼ਿੰਦਗੀ ਦੀ
ਇੱਕ ਨੇ ਹੌਂਸਲਾ ਕਰ
ਵਿਰਵਾ ਪਾਇਆ
ਇਕੱਠੀਆਂ ਹੋਣ ਦਾ
ਤਕੜੀ ਨੇ ਨਿਰਬਲ ਨੂੰ
ਕੀਤਾ ਉਤਸ਼ਾਹਤ
ਸਭ ਨੇ ਫੜੀ ਉਂਗਲੀ
ਇੱਕ ਦੂਜੇ ਦੀ
ਹੁਣ ਇਹ ਡਾਰ ਬਾਜ਼ ਦੇ
ਇਲਾਕੇ ਵਿੱਚ ਸੀ।

✪

## ਮਾਂ

ਕੱਲ੍ਹ ਦੀ ਤਾਂ ਬਾਤ ਸੀ
ਮਾਂ ਜੰਮਣ ਪੀੜਾਂ ਹੰਢਾਉਂਦੀ,
ਜਨਮਦੀ, ਨਿਹਾਰਦੀ, ਦੁੱਧ ਚੁੰਘਾਉਂਦੀ
ਚਿੜੀ ਵਾਂਗ ਨਿੱਕੇ ਨਿੱਕੇ
ਬੋਟਾਂ ਨੂੰ ਚੋਗਾ ਦਿੰਦੀ
ਬੈਠਣਾ, ਰਿੜ੍ਹਨਾ, ਖੜ੍ਹਨਾ ਸਿਖਾਉਂਦੀ
ਉਂਗਲੀ ਲਾ ਤੋਰਦੀ
ਨਿੱਕਿਆਂ ਬਾਲਾਂ ਨੂੰ ਵੱਡਾ ਕਰਦੀ
ਪੜ੍ਹਨਾ ਸਿਖਾਉਂਦੀ
ਕੰਮਾਂ ਦਾ ਗਿਆਨ ਦਿੰਦੀ
ਕੰਮ ਕਰਨਾ ਦੱਸਦੀ
ਬੱਚੇ ਉਡਾਰ ਹੋ
ਨਿੱਕੀਆਂ ਵੱਡੀਆਂ ਪੜ੍ਹਾਈਆਂ ਪੜ੍ਹ
ਖਾਣ ਪਹਿਨਣ ਲੱਗੇ
ਜ਼ਮਾਨੇ ਦੀਆਂ ਦੁਸ਼ਵਾਰੀਆਂ ਤੋਂ ਡਰ
ਮਾਂ ਵਰਜਣ ਲੱਗੀ
ਪੁੱਤ ਜ਼ਮਾਨੇ ਦੀ ਰਫਤਾਰ ਨੂੰ ਦੇਖਣਾ
ਬੱਚਿਆਂ ਨੇ ਸੁਭਾਵਕ ਹੀ ਕਿਹਾ
"ਮਾਂ, ਹੁਣ ਅਸੀਂ ਬੱਚੇ ਨਹੀਂ ਰਹੇ"
ਮਾਂ ਸੁਣ ਕੇ ਦੰਗ ਰਹਿ ਗਈ
ਹੁਣ ਉਸਨੂੰ ਆਪਣਾ ਆਪ ਬੱਚਾ ਲੱਗਦਾ ਹੈ
ਕਰਦੀ ਹੈ ਸਿਰਤੋੜ ਯਤਨ
ਜੰਮਣ ਪੀੜਾਂ, ਇੱਛਾਵਾਂ, ਫਰਜ਼
ਹਕੀਕਤਾਂ, ਤਲਖੀਆਂ, ਮੁਸੀਬਤਾਂ
ਤੇ ਅਤੀਤ ਤੋਂ ਬਾਹਰ ਨਿਕਲਣ ਦਾ।

✪

## ਜੜ੍ਹਾਂਹੀਣ

ਐ ਰੁੱਖ
ਮਾਂ ਨੇ ਦੱਸਿਆ ਸੀ
ਕਿ ਤੇਰੀ ਤੇ ਮੇਰੀ ਉਮਰ ਇੱਕੋ ਜਿੰਨੀ ਹੈ
ਤੇਰੇ ਤੇ ਮੇਰੇ ਵਿਚਲਾ ਫਰਕ ਹੈ ਢੇਰ ਸਾਰਾ
ਤੂੰ ਆਪਣੀਆਂ ਜੜ੍ਹਾਂ ਸਾਂਭੀਆਂ ਹਨ
ਮੈਂ ਜੜ੍ਹਾਂ ਹੀਣ ਇੱਕ ਭਟਕਣ
ਪਿੰਡ ਪਿੰਡ, ਸ਼ਹਿਰ ਸ਼ਹਿਰ
ਦੇਸ਼ ਵਿਦੇਸ਼
ਸਕੂਨ ਲੱਭਦੀ ਲੱਭਦੀ
ਗੁਆਚ ਗਈ ਹਾਂ ਓਪਰੀ ਦੁਨੀਆਂ ਵਿੱਚ
ਮੇਰੀ ਭੁੱਖ ਬੇਹਿਸਾਬ, ਤੇਹ ਬੇਮਿਸਾਲ
ਜਮ੍ਹਾਂ-ਖੋਰੀ ਦੇ ਝਾਂਸੇ ਵਿੱਚ
ਚੋਰ-ਬਜ਼ਾਰੀ, ਲੁੱਟ-ਖੋਹ
ਖੋਆ-ਖਿੰਜੀ, ਚੀਆ-ਚਿੱਪੜੀ ਕਰ
ਹਾਂ ਜੱਫੇ ਦੀ ਕੋਸ਼ਿਸ਼ ਵਿੱਚ ਹਰਵਕਤ
ਹੇ ਰੁੱਖ
ਤੂੰ ਅਜੇ ਵੀ ਸ਼ਾਂਤ, ਅਡੋਲ, ਸੰਤੁਸ਼ਟ,
ਹਰਿਆ-ਭਰਿਆ ਤੇ ਖੁਸ਼
ਮੈਂ ਭਟਕਣ, ਅਸੰਤੁਸ਼ਟ, ਡੋਲਦੀ
ਅਸ਼ਾਂਤ, ਦੁਖੀ ਤੇ ਜੜ੍ਹਹੀਣ
ਤੂੰ ਮੇਰਾ ਸਾਥੀ
ਮੇਰੇ ਵਿਹੜੇ ਦਾ ਸ਼ਿੰਗਾਰ
ਬੈਠਾ ਹੈਂ ਜੜ੍ਹਾਂ ਸਾਂਭੀ।

✪

## ਗੁਸਤਾਖੀ

ਤੁਹਾਨੂੰ ਅਜ਼ਾਦੀ ਹੈ
ਬੋਲਣ ਦੀ
ਜੇ ਬੋਲੀ ਬੋਲਦੇ ਹੋ ਅਸਾਡੀ।
ਲਿਖਣ ਦੀ
ਜੇ ਲਿਖਦੇ ਹੋ ਸਾਡੇ ਹੱਕ ਵਿੱਚ
ਹੱਸਣ ਦੀ
ਹੱਸਦੇ ਹੋ ਸਿਰਫ਼ ਸਾਡੀਆਂ ਖੁਸ਼ੀਆਂ ਲਈ।
ਰੋਣ ਤੇ ਪਿੱਟਣ ਦੀ
ਉਹ ਵੀ ਸਿਰਫ਼ ਸਾਡੇ ਇਸ਼ਾਰਿਆਂ ਤੇ।
ਜੀਣ ਦੀ
ਸਾਡੀਆਂ ਇੱਛਾਵਾਂ ਦੀ ਪੂਰਤੀ ਲਈ।
ਮਰਨ ਦੀ, ਜੇਕਰ ਮਰਦੇ ਹੋ
ਸਾਨੂੰ ਜ਼ਿੰਦਾ ਰੱਖਣ ਲਈ।
ਮਿਹਨਤ ਕਰਨ ਦੀ
ਸਾਡੇ ਗੁਲਸ਼ਰਿਆਂ ਲਈ।
ਬਲੀ ਦੇਣ ਦੀ
ਸਾਡੇ ਘੜੇ ਕਾਲੇ ਕਾਨੂੰਨਾਂ ਲਈ।
ਸੌਂ ਸਕਦੇ ਹੋ
ਸਿਰਫ਼ ਸਾਡੇ ਸੁਲਾਇਆਂ।

ਗੁਲ਼ਾਮ ਹੋ ਤੁਸੀਂ ਸਿਰਫ਼
ਆਪਣੀ ਸੱਚ ਬੋਲਣ ਲਈ
ਜਾਗਦੀ ਜ਼ਮੀਰ ਦੇ
ਜੇ ਇਸ ਜ਼ਮੀਰ ਦੇ ਹੱਕ  ਲਈ ਕਰੋਗੇ
ਅਜ਼ਾਦੀ ਦੀ ਕੋਸ਼ਿਸ਼
ਇਸ ਗੁਸਤਾਖੀ ਦੇ ਬਦਲੇ
ਮਿਟਾ ਦਿਆਂਗੇ ਖੁਰਾਖੋਜ਼
ਪੁਸ਼ਤਾਂ ਤੱਕ।
✪

## ਖਿਆਲ

ਮੇਰੇ ਮਨ ਦੀਆਂ ਡੂੰਘਾਈਆਂ ਵਿੱਚੋਂ
ਉਪਜਦਾ ਹੈ ਇੱਕ ਖਿਆਂਲ
ਤੇਰਾ ਮੇਰਾ ਰਿਸ਼ਤਾ ਕੀ ਹੈ
ਜੇ ਇਹਨੂੰ ਪਿਆਰ ਕਹਾਂ
ਤਾਂ ਮੈਨੂੰ ਲੱਗਦੀ ਹੈ
ਝੂਠੀ ਮੂਠੀ ਦੀ ਤਸੱਲੀ
ਨਫ਼ਰਤ ਵੀ ਤਾਂ ਨਹੀਂ
ਨਹੀਂ ਤਾਂ ਜੀ ਨਹੀਂ ਸਕਣਾ ਸੀ
ਹਾਂ ਝੂਠੀ ਮੂਠੀ ਕੱਚ ਵਰਗੀ
ਜ਼ਿੰਦਗੀ ਜਰੂਰ ਹੈ
ਜੋ ਸਰਦਲ ਦੇ ਅੰਦਰ ਬਾਹਰ
ਦਿਨ ਰਾਤ ਉੱਸਲਵੱਟੇ ਲੈਂਦੀ
ਘੁੱਟ ਘੁੱਟ ਕੇ ਮਰਦੀ
ਡਰਦੀ ਹਾਂ ਬੋਲਣ ਤੋਂ
ਲੜਦੀ ਹਾਂ ਸੁਪਨਿਆਂ ਸੰਗ
ਭਟਕਦੀ ਹਾਂ ਸੱਚ ਦੀ ਤਲਾਸ਼ 'ਚ
ਕਿਤੇ ਕੱਚ ਵਾਂਗ ਟੁੱਟ ਨਾ ਜਾਵੇ
ਬਿਖਰ ਨਾ ਜਾਵੇ ਕੀਚਰ ਕੀਚਰ
ਮੇਰੀਆਂ ਭਾਵਨਾਵਾਂ ਦੇ ਪੋਟੇ
ਨਾ ਹੋ ਜਾਣ ਜਖ਼ਮੀ
ਇਹਨਾਂ ਨੂੰ ਇਕੱਠਾ ਕਰਦੇ ਕਰਦੇ
ਸੱਚ ਤਾਂ ਕੀ
ਹਾਰ ਜਾਵਾਂ ਝੂਠੀ ਮੂਠੀ ਦੀ ਜ਼ਿੰਦਗੀ ਤੋਂ ਵੀ।
✪

## ਅੱਜ ਕੱਲ

ਅੱਜ ਕੱਲ
ਮੇਰੀਆਂ ਬਾਹਾਂ
ਬਹੁਤ ਲੰਮੀਆਂ ਹਨ
ਕਾਨੂੰਨ ਦੇ ਹੱਥਾਂ ਵਾਂਗੂੰ
ਮੈਂ ਦਾਅਵਾ ਵੀ ਕਰਦੀ ਹਾਂ
ਸਾਰੀ ਦੁਨੀਆਂ ਨੂੰ ਕਲਾਵੇ
ਵਿੱਚ ਲੈਣ ਦਾ
ਮੈਨੂੰ ਪਤਾ ਹੈ
ਦੁਨੀਆਂ ਦੇ ਇਸ ਕੋਨੇ ਤੋਂ
ਉਸ ਕੋਨੇ ਤੱਕ
ਹੋ ਰਿਹਾ ਹੈ ਕੀ ਕੁੱਝ?
ਕਿਹੜੇ ਦੇਸ਼ ਨੇ ਕਿਸ ਨਾਲ
ਕੀਤਾ ਹੈ ਸਮਝੌਤਾ
ਕਿਸਨੇ ਕਿਸਨੂੰ ਦਿਖਾਈਆਂ
ਹਨ ਅੱਖਾਂ
ਕੌਣ ਕੀ ਲਿਖ ਰਿਹੈ?
ਕੌਣ ਕੀ ਬੋਲ ਰਿਹੈ?
ਕਿੱਥੇ ਪੌਣਾਂ ਵਿੱਚ ਸਾਜ਼ਸ਼ਾਂ ਨੇ
ਕਿੱਥੇ ਢਾਹ ਰਹੇ ਨੇ ਬੁਲਡੋਜ਼ਰ
ਝੁੱਗੀਆਂ ਨੂੰ
ਕਿਸ ਦੇ ਅੱਜ ਵੱਜਿਆ ਹੈ ਥੱਪੜ
ਕਿਸ ਨਾਲ ਹੋ ਰਿਹਾ ਹੈ ਬਲਾਤਕਾਰ
ਇਹ ਵੀ ਕਰਦੀ ਹਾਂ ਦਾਅਵਾ
ਕਿ ਮੈਂ ਸ਼ਰੀਕ ਹਾਂ ਸਾਰੀ ਦੁਨੀਆਂ

ਦੇ ਦੁੱਖਾਂ ਸੁੱਖਾਂ ਵਿੱਚ
ਕਿਉਂਕਿ ਮੈਂ ਹੁਣ 24 ਘੰਟੇ
365 ਦਿਨ ਘੁੰਮਦੀ ਹਾਂ
ਇੰਟਰਨੈੱਟ ਦੁਆਲੇ
ਰੱਖ ਲਏ ਹਨ
ਗਿਣਤੀ ਦੇ ਕੁੱਝ ਪਲ,
ਘੰਟੇ ਤੇ ਦਿਨ
ਰਿਸ਼ਤਿਆਂ ਨੂੰ ਨਿਭਾਉਣ ਲਈ
ਮਾਂ ਦਾ ਦਿਨ, ਪਿਉ ਦਾ ਦਿਨ,
ਪਰਿਵਾਰ ਦਾ ਦਿਨ, ਪ੍ਰੇਮੀ ਦਾ ਦਿਨ
ਯੁੱਗਾਂ ਜਾਂ ਵਰ੍ਹਿਆਂ ਦੇ ਪਿਆਰ ਨੂੰ
ਇੱਕ ਦਿਨ ਵਿੱਚ ਹੀ
ਖਾਣੇ ਖੁਆ ਕੇ,
ਮਹਿੰਗੇ ਮਹਿੰਗੇ ਤੋਹਫੇ ਦੇ ਕੇ
ਰੱਖਣਾ ਚਾਹੁੰਦੀ ਹਾਂ ਜ਼ਿੰਦਾ
ਕਿਰਦੇ ਰਿਸ਼ਤਿਆਂ ਨੂੰ
ਜਿਹੜੇ ਇੱਕ ਇੱਕ ਕਰਕੇ
ਖਿੰਡ ਰਹੇ ਨੇ ਮੁੱਠੀ ਵਿੱਚੋਂ
ਪਰ ਫਿਰ ਵੀ ਸਾਰਾ ਦਿਨ
ਇੰਟਰਨੈੱਟ ਅੱਗੇ ਬੈਠ ਕੇ
ਸਾਰੀ ਦੁਨੀਆਂ ਨੂੰ ਕਲਾਵੇ ਵਿੱਚ
ਲੈਣ ਦਾ ਕਰਦੀ ਹਾਂ ਦਾਅਵਾ।
✪

## ਫਾਸਲੇ

ਇਕ ਸ਼ਹਿਰ ਤੋਂ ਸ਼ਹਿਰ ਦਾ
ਪਿੰਡ ਤੋਂ ਪਿੰਡ ਦਾ
ਦੇਸ਼ ਤੋਂ ਬਿਦੇਸ਼ ਦਾ
ਧਰਤੀ ਤੋਂ ਚੰਦਰਮਾ ਦਾ
ਜਾਂ ਹੋਰ ਗ੍ਰਹਿਾਂ ਦੇ
ਫਾਸਲੇ ਮਿਣਦੇ ਜਾਂ ਤਹਿ ਕਰਦੇ ਹਾਂ
ਰਾਕਟਾਂ ਜਾਂ ਜ਼ਰੀਬਾਂ ਨਾਲ
ਪਰ ਤੁਹਾਡੇ ਤੇ ਸਾਡੇ
ਅਮੀਰੀ ਤੇ ਗਰੀਬੀ ਦੇ ਫਾਸਲੇ
ਜੋ ਟੁੱਟੇ ਛਿੱਤਰ ਵਾਂਗ ਨਿੱਤ ਵਧਦੇ ਹਨ
ਇਹਨਾਂ ਨੂੰ ਮਿਟਾਉਣ ਲਈ
ਜਾਂ ਤਹਿ ਕਰਨ ਲਈ
ਤਾਂ ਸਿਰਫ ਤੇ ਸਿਰਫ ਬੰਦੂਕਾਂ ਹਨ।

✪

## ਮੈਂ ਇਨਕਾਰੀ ਹਾਂ

ਆਪਣੀ ਹੀ ਹੋਂਦ ਤੇ
ਅਣਹੋਂਦ ਤੋਂ ਹੈ ਜੋ ਨਾਵਾਕਫ
ਉਸਦੀ ਨਿਗ੍ਹਾ ਸਵੱਲੀ ਨਹੀਂ
ਪੱਖਪਾਤੀ ਹੈ ਤਾਂ ਹੀ ਤਾਂ
ਨਜ਼ਰਾਂ ਚੁਰਾਉਣ ਲਈ
ਕਾਨੂੰਨ ਦੀ ਦੇਵੀ ਵਾਂਗ
"ਸਭ ਅੱਛਾ ਹੈ" ਕਹਿਣ ਲਈ
ਬੰਨ੍ਹੀ ਹੈ ਪੱਟੀ ਅੱਖਾਂ ਤੇ
ਉਹ ਵਿਚਾਰਗੀ ਦਾ ਪਾਤਰ
ਨਿਰਬਲ, ਬੇਜਾਨ, ਨੀਰਸ
ਟੇਕਦਾ ਹੈ ਗੋਡੇ
ਧਰਮਾਂ ਦੀ ਲਾਠੀ ਦੇ ਆੜੇ ਚੜ੍ਹਿਆ
ਲਾਠੀ ਦੀ ਮਜਬੂਤੀ ਸੰਗ
ਕਰਦਾ ਹੈ ਉਸਦੀ ਚਾਕਰੀ
ਧਰਮਾਂ ਦੀ ਠਾਹਰ ਦੇ
ਜਹਾਲਤ ਭਰੇ ਘੁਰਨਿਆਂ
ਵਿੱਚ ਦੜ੍ਹ ਕੇ ਬੈਠਣਾ
ਕਰਦਾ ਹੈ ਪਸੰਦ
ਉਹ ਹਨ੍ਹੇਰਿਆਂ ਦਾ ਸਾਥੀ
ਸੋਨੇ ਮੜ੍ਹੀਆਂ ਠਾਹਰਾਂ ਵਿੱਚ
ਸੁੱਤਾ ਹੈ ਕੁੰਭਕਰਣ ਦੀ ਨੀਂਦੇ
ਜਿੱਥੇ ਪੈ ਨਾ ਸਕਣ
ਸੂਝ ਦੇ ਸੂਰਜ ਦੀਆਂ ਕਿਰਣਾਂ
ਉਸਦੀ ਮ੍ਰਿਗ ਤ੍ਰਿਸ਼ਨਾ
ਵਰਗੀ ਹੋਂਦ ਨੇ ਹੀ

ਨ੍ਹੇਰਾ ਕਰਕੇ ਕੀਤਾ ਹੈ
ਇਨਸਾਨੀਅਤ ਦਾ ਘਾਣ
ਭੁੱਲਾਂ ਬਖ਼ਸ਼ਾਉਣ ਦਾ ਜਾਦੂ
ਦਿੰਦਾ ਹੈ ਹੱਲਾਸ਼ੇਰੀ
ਹਰ ਉਸ ਮੰਦੇ ਕੰਮ ਲਈ
"ਜੋ ਉਸਦੀ ਮਰਜ਼ੀ ਬਿਨ੍ਹਾਂ
ਪੱਤਾ ਨਹੀਂ ਹਿੱਲਦਾ" ਕਹਿ
ਹਨ੍ਹੇਰਿਆਂ ਦੇ ਰਾਖੇ
ਸਿੰਜਦੇ ਹਨ ਇਸ ਝੂਠੀ ਮੂਠੀ ਦੇ
ਬਿਰਖ ਨੂੰ
ਤਾਂ ਕਿ ਉਹ ਇਸਤੋਂ ਹਰ
ਕਰੁੱਤਾ ਫਲ਼ ਹਾਸਲ ਕਰ ਸਕਣ
ਇਹ ਉਹਨਾਂ ਦਾ ਬੰਦੀ
ਨੂੜ੍ਹਿਆ ਹੈ, ਬੰਨ੍ਹਿਆ ਹੈ
ਸੋਨੇ ਰੰਗੀਆਂ ਮਮਟੀਆਂ ਦੇ ਅੰਦਰ
ਜਿੱਥੇ ਉਹ ਕਰ ਸਕਦੇ ਹਨ
ਉਸਦੀ ਵਰਤੋਂ ਕੁਵਰਤੋਂ
ਮਨਮਰਜ਼ੀ ਨਾਲ
ਅਸਲ ਵਿੱਚ ਇਹ
ਭੈਅ ਭਰਮਾਂ ਦੀ ਉੱਪਜ
ਤੇ ਬੁੱਧੀ ਦੀ ਘਾੜਤ ਰੱਬ
ਅੱਜ ਵੀ ਤਾਕਤ ਵਾਲੇ
ਪਿਘਲੇ ਹੋਏ ਮੋਮ ਦੀ ਤਰ੍ਹਾਂ
ਵਰਤਦੇ ਹਨ ਜਿੱਧਰ ਨੂੰ ਜੀ ਕਰੇ
ਅਗਰ ਉਸਦੀ ਹੋਂਦ ਹੁੰਦੀ
ਤਾਂ ਕਦੇ ਉਹ ਹੋਣ ਨਾ ਦਿੰਦਾ
ਅਨਰਥ ਆਪਣੇ ਜਾਂ ਆਪਣੇ ਪਿਆਰਿਆਂ ਨਾਲ
ਇਸ ਕਰਕੇ ਹੀ ਤਾਂ
ਮੈਂ ਇਨਕਾਰੀ ਹਾਂ ਉਸਤੋਂ
ਮੈਂ ਇਨਕਾਰੀ ਹਾਂ ਉਸਤੋਂ
✪

## ਰਿਸ਼ਤੇ ਤੋਲੇ ਮਾਸੇ ਦੇ

ਮੈਂ ਵੀ ਹੁਣ ਭੁੱਲ ਚੁੱਕੀ ਹਾਂ
ਸਵਾਹ ਨਾਲ ਭਾਂਡੇ ਲਿਸ਼ਕਾਉਣਾ
ਸਿਆਲਾਂ ਨੂੰ ਅਣਪਿੰਜੀ ਰੂੰ ਦੀ
ਰਜ਼ਾਈ ਹੇਠੋਂ ਨਿਕਲਕੇ ਦੋ ਦੋ ਘੰਟੇ
ਚੁੱਲ੍ਹੇ ਮੂਹਰੇ ਅੱਗ ਸੇਕਣਾ
ਛਿੱਟੀਆਂ ਵਿੱਚੋਂ ਪੈਂਦੇ ਭਬੂਕਿਆਂ ਤੋਂ
ਪੁਰਾਣੇ ਹੀ ਕੱਪੜਿਆਂ ਨੂੰ ਬਚਾਉਣਾ
ਤਿੜ ਤਿੜ ਰਿੱਝਦੇ ਸਾਗ ਵਿੱਚ
ਘੋਟਣਾ ਫੇਰੀ ਜਾਣਾ
ਭੈਣਾਂ ਭਾਈਆਂ ਦੇ ਕੂਹਣੀਆਂ
ਮਾਰ ਮਾਰ ਸਾਰੇ ਦੇ ਸਾਰੇ ਸੇਕ ਨੂੰ
ਆਪਣੇ ਕਬਜ਼ੇ 'ਚ ਕਰਨਾ
ਚੁੱਲ੍ਹੇ ਮੂਹਰੇ ਚਲਦੇ ਮਹਾਂਭਾਰਤ ਨੇ
ਬਾਪੂ ਦੀ ਇੱਕ ਝਿੜਕ ਨਾਲ
ਉੱਡ ਪੁੱਡ ਜਾਣਾ

ਮੈਂ ਵੀ ਤਾਂ ਇਹ ਕਦੋਂ ਦੀ ਭੁੱਲ ਚੁੱਕੀ ਹਾਂ
ਮੰਡੀ ਦੀ ਚਕਾਂਚੌਂਧ ਵਿੱਚ ਵਿਅਸਤ ਹਾਂ
ਹੁਣ ਰਿਸ਼ਤਿਆਂ ਨੂੰ ਕੂਹਣੀਆਂ ਦੀ
ਛੋਹ ਦੀ ਲੋੜ ਨਹੀਂ
ਇਹ ਤਾਂ ਵਿਕਦੇ ਹਨ ਹਰ ਹੱਟੀ ਭੱਠੀ
ਵੰਨ ਸਵੰਨੇ ਸ਼ੋਅ ਕੇਸਾਂ ਵਿੱਚ

ਉਦੋਂ ਜੰਗ ਇੱਕ ਸੇਕ ਲਈ ਸੀ
ਇੱਕ ਨਿੱਘ ਲਈ ਸੀ
ਇੱਕ ਪਿਆਰ ਦੀ ਜੰਗ
ਹੁਣ ਜੰਗ ਬਜ਼ਾਰ ਦੀ ਹੈ
ਜਿਸ ਵਿੱਚ ਰਿਸ਼ਤੇ ਵਿਕਦੇ ਹਨ
ਮਹਿੰਗੇ ਭਾਅ
ਸੋਨੇ ਹੀਰਿਆਂ ਦੇ ਵਾਂਗ
ਤੋਲੇ ਮਾਸਿਆਂ ਦੇ ਵਿੱਚ।
✪

## ਐਨਾ ਸੱਚ ਨਾ ਬੋਲ ਕਿ ਕੱਲ੍ਹਾ ਰਹਿ ਜਾਵੇਂ

ਜਦੋਂ ਮੈਂ ਸੁਣਦੀ ਹਾਂ,
"ਐਨਾ ਸੱਚ ਨਾ ਬੋਲ ਕਿ ਕੱਲ੍ਹਾ ਰਹਿ ਜਾਵੇਂ"
ਮੈਨੂੰ ਜਾਪਦੀ ਹੈ
ਇਹਨਾਂ ਸ਼ਬਦਾਂ ਪਿੱਛੇ ਇੱਕ ਸ਼ਾਜਸ਼
ਜੋ ਕਰ ਰਹੀ ਹੈ ਪੈਰ੍ਹਵੀ ਝੂਠ ਦੀ
ਸਮੇਂ ਦੇ ਸੱਚ ਦੇ ਰਾਹੀ
ਦਰੜ ਲੰਘ ਜਾਂਦੇ ਨੇ, ਝੂਠ ਦੀਆਂ ਬਰੂਹਾਂ
ਜ਼ਿੰਦਗੀ ਨੂੰ ਝੂਠ ਦੇ ਨਾਜ਼ਕ ਖਿਡਾਉਣਿਆਂ ਨਾਲ
ਪਰਚਾਉਣ ਤੋਂ ਪਹਿਲਾਂ
ਸੱਚ ਦੇ ਅਟੱਲ ਫੈਸਲੇ ਦਾ ਕਰਦੇ ਨੇ ਸਾਹਮਣਾ
ਜ਼ਿੰਦਾ ਰਹਿੰਦੇ ਨੇ ਰਹਿੰਦੀ ਦੁਨੀਆਂ ਤੱਕ
ਲੋਕਤੰਤਰੀ ਭਾਰਤ ਵਿੱਚ ਵਿਕਾਊ ਹੈ
ਜਿੱਥੇ ਸਭ ਕੁੱਝ
ਉੱਥੇ ਲੋਕਾਂ ਦੀ ਪਸੰਦੀਦਾ ਹੀਰੋ
ਅੱਜ ਵੀ ਭਗਤ ਸਿੰਘ ਹੈ
ਮੁਜੱਸਮਾ ਹੈ ਉਹਨਾਂ ਦਾ
ਸੱਚ ਦਾ ਪ੍ਰਤੀਕ
ਲੱਖਾਂ ਹੀ ਪੈਰੋਕਾਰ ਨੇ ਉਸਦੇ
ਸੱਚ ਦੀ ਕਤਾਰ ਹੋ ਰਹੀ ਹੈ
ਹਰ ਦਿਨ ਲੰਬੀ
ਤੇ ਝੂਠ ਹੈ ਇਹਨਾਂ ਸ਼ਬਦਾਂ ਦੀ ਸੱਚਾਈ
"ਐਨਾ ਸੱਚ ਨਾ ਬੋਲ ਕੇ ਕੱਲ੍ਹਾ ਰਹਿ ਜਾਵੇਂ"।

# ਦਲਦਲ

ਇੱਕ ਅਰਸੇ ਤੋਂ ਬਾਅਦ
ਸੁਪਨਿਆਂ ਦਾ ਰੰਗ
ਪੈ ਗਿਆ ਹੈ ਮੱਧਮ
ਗੁੰਮ ਹੋ ਗਈ ਹੈ
ਆਕਰਸ਼ਕ ਬਜ਼ਾਰ ਦੀ ਦਿਲਚਸਪੀ
ਹੱਥਾਂ ਦੇ ਅੱਟਣਾਂ ਵਿਚੋਂ
ਦਿਸਦੇ ਨੇ ਮਹਿਲਾਂ ਦੇ
ਧੁੰਦਲੇ ਪਰਛਾਂਵੇ
ਮੁਹੱਬਤ ਸ਼ਬਦ
ਹੋ ਗਿਆ ਹੈ ਬੌਣਾ
ਛਾਤੀ ਦਾ ਨਾਸੂਰ
ਦਿਖਾਵੇ ਦੀ ਪਰਤ ਥੱਲੇ
ਹੋ ਗਿਆ ਹੈ ਭਰਨ ਫਿੱਸਣ
ਝੁੱਗੀਆਂ 'ਚ ਪਾਲ਼ੇ
ਰੰਗ ਬਰੰਗੇ ਸੁਫਨੇ
ਮਹਿਲਾਂ ਦੇ ਕਮਰਿਆਂ ਵਿੱਚ
ਪਏ ਹਨ ਸਾਹ-ਸਤਹੀਣ
ਕਾਲ਼ਾ-ਬਜ਼ਾਰੀ ਦੀ ਗੁੰਮਰਾਹੀ ਨੇ
ਕਰ ਦਿੱਤਾ ਹੈ ਹਿੰਮਤ ਨੂੰ ਅਪਾਹਜ਼
ਪੈ ਗਿਆ ਹੈ ਸੂਰਜ ਦਾ ਰੰਗ ਵੀ ਫਿੱਕਾ
ਹੌਸਲਿਆਂ ਨੂੰ ਖਾ ਗਈ ਹੈ ਸਿਊਂਕ
ਭੱਜ ਰਹੀਆਂ ਹਨ ਸੋਚਾਂ
ਤੁਰ ਰਹੇ ਹਨ ਪੈਰ
ਕਰ ਲਿਆ ਹੈ ਸਫ਼ਰ ਉਂਗਲਾਂ ਨੇ
ਭੂਮੰਡਲੀਕਰਣ ਦੇ ਦੌਰ ਦਾ
ਲੱਭ ਰਹੀਆਂ ਹਨ ਅੱਖਾਂ ਮੰਜ਼ਲ ਨੂੰ
ਡੂੰਘੀ ਹੋ ਰਹੀ ਹੈ ਦਲਦਲ ਹੋਰ ਡੂੰਘੀ
ਜਿਸ ਵਿੱਚ ਧੱਸ ਰਹੀ ਹੈ ਦੁਨੀਆਂ।

✪

## ਐ ਕਿਰਤੀ

ਹੁਣ ਤੂੰ ਹੋਰ ਨਾ ਹੋ ਉਦਾਸ
ਚਿਹਰੇ ਤੇ ਸ਼ਿਕਨ ਦਾ ਸਮਾਂ ਨਹੀਂ
ਗਵਾ ਨਾ ਆਪਣੇ ਹੋਸ਼ ਹਵਾਸ
ਖੁਦਕਸ਼ੀਆਂ ਤੋਂ ਹੋ ਜਾ ਲਾਂਭੇ
ਤੂੰ ਵੀ ਕਰ ਭੁੱਖ ਦਾ ਇਜ਼ਹਾਰ
ਨਾ ਸਹਿ ਚੁਪ ਚੁਪੀਤੇ ਕੁੱਟਾਂ ਮਾਰਾਂ
ਨਾ ਸਹਿ ਪਸ਼ੂਆਂ ਵਾਲਾ ਵਿਵਹਾਰ
ਜਦ ਲਾਲ ਝੰਡਾ ਤੇਰੇ ਹੱਥ ਹੋਊ
ਅੱਖਾਂ ਟੱਡ ਕੇ ਦੇਖੂ ਸੰਸਾਰ
ਇੱਕ ਦੂਜੇ ਦੀ ਢਾਲ ਬਣ ਜਾਵੋ
ਵੈਰੀ ਸਕੂ ਨਾ ਥੋਨੂੰ ਮਾਰ
ਜਿੱਤ ਥੋੜੀ ਹੀ ਵੱਟ ਤੇ ਪਈ ਆ
ਪੱਕੀ ਹੋਣੀ ਲੋਟੂ ਦੀ ਹਾਰ
ਦੁਸ਼ਮਣ ਦੀ ਕਹਿਰੀ ਅੱਖ ਨੂੰ ਪਰਖੋ
ਇਨਕਲਾਬ ਨੂੰ ਕਰੋ ਪਿਆਰ
ਉਹ ਲੁੱਟ ਮਚਾਈ ਜਾਵੇ ਭਾਵੇਂ ਕਿੰਨੀ
ਆਖਰ ਨੂੰ ਹੋਣਾ ਕਿਰਤੀ ਦਾ ਸਤਿਕਾਰ
ਲੋਕਾਸ਼ਾਹੀ ਦੇ ਰਾਜ ਵਿੱਚ ਤੇਰੇ
ਹੱਥ ਵਿੱਚ ਹੋਣਾ ਰਾਜ ਦਰਬਾਰ
ਕਿਰਤ ਤੇਰੀ ਫੈਸਲੇ ਤੇਰੇ
ਹੋਵੇਗੀ ਤੇਰੀ ਸੱਚੀ ਸਰਕਾਰ
ਤੇਰੀ ਕਿਰਤ ਦੀ ਪਾਈ ਪਾਈ
ਲੁੱਟੇਗੀ ਨਾ ਇਸ ਬਜ਼ਾਰ
ਤੇਰਾ ਘਰ ਵੀ ਹਰਿਆ ਭਰਿਆ
ਨਾ ਦਿਸੇਗਾ ਭੁੱਖਾ, ਨੰਗਾ ਤੇ ਲਾਚਾਰ
ਹੁਣ ਤੂੰ ਹੋਰ ਨਾ ਹੋ ਉਦਾਸ
ਤੂੰ ਵੀ ਕਰ ਭੁੱਖ ਦਾ ਇਜ਼ਹਾਰ
✪

## ਚੀਥੜ੍ਹਿਆਂ ਦੇ ਲਾਲ

*(ਸਿਰੁਤੀ ਬਲਾਤਕਾਰ ਕਾਂਡ ਦੀ ਮੁਲਜ਼ਮਾ ਲਈ)*

ਹੁੰਦਾ ਨਹੀਂ ਗਰੀਬਾਂ ਲਈ
ਬਣਨਾ ਠਣਨਾ
ਦਗ਼ਦੇ ਹਨ ਲਾਲ ਤਾਂ
ਚੀਥੜ੍ਹਿਆਂ ਵਿੱਚ ਵੀ
ਲਾਲਾਂ ਦੀ ਫਿਤਰਤ ਹੀ
ਦਗ਼ਣਾ ਹੈ ਹਰ ਥਾਂ
ਕਰਦੀ ਸੀ ਉਹ ਹਦਾਇਤਾਂ
ਕਾਵਾਂ, ਕੁੱਤਿਆਂ ਤੇ ਗਿਰਝਾਂ ਤੋਂ
ਹਰਵਕਤ ਹਨ ਤਾਕ ਵਿੱਚ ਜੋ
ਮੂੰਹ ਤੇ ਛਾਤੀਆਂ ਦਾ ਮਾਸ ਨੋਚਣ ਲਈ
ਬੈਠਾ ਸੀ ਸ਼ਿਕਾਰੀ ਲੈ
ਪ੍ਰੇਮ ਭਰਮ ਦਾ ਚੋਗਾ
ਕਬੂਤਰ ਜਾਲ਼ ਲਈ
ਤਿਆਰ ਸੀ ਉਹ
ਝੂਠੇ ਇਕਰਾਰਾਂ ਦਾ
ਸਮੁੰਦਰ ਡੁੱਬ ਮਰਨ ਲਈ
ਜਿਸ ਵਿੱਚ ਤੈਰਦੀਆਂ ਸਨ
ਉਸਦੇ ਮੱਕਾਰੀ ਸੁਫਨਿਆਂ ਦੀਆਂ
ਰੰਗ ਬਰੰਗੀਆਂ ਮੱਛੀਆਂ
ਹੁਣ ਸਮੁੰਦਰ ਹੋ ਗਿਆ ਹੈ ਗੰਧਲਾ
ਲਾਲਾਂ ਦੇ ਚੀਥੜ੍ਹਿਆਂ ਦੀਆਂ ਪਰਤਾਂ
ਉੱਡ ਰਹੀਆਂ ਨੇ ਸ਼ਰੇਬਜ਼ਾਰ
ਅਖ਼ਬਾਰਾਂ, ਰੇਡੀਓ, ਟੈਲੀਵਿਯਨਾਂ ਤੇ
ਧੂਹ ਲਏ ਗਏ ਹਨ

ਉਹਦੇ ਅਰਮਾਨ, ਸੁਨਹਿਰੀ ਸੁਫਨੇ ਤੇ
ਅਹਿਸਾਸਾਂ ਦੀ ਗੱਠੜੀ
ਨਿੱਘੀ ਬੁੱਕਲ ਵਿਚੋਂ
ਸਿਤਮ ਢਾਹ ਕੇ, ਦਹਿਸ਼ਤ ਫੈਲਾ ਕੇ
ਹਥਿਆਰਾਂ ਦੀ ਧਾੜ ਨਾਲ
ਮੰਤਰੀਆਂ ਸੰਤਰੀਆਂ ਦੀ ਸ਼ਹਿ ਨਾਲ
ਇਹ ਗੋਦੜੀ ਦਾ ਲਾਲ
ਜੋ ਸੀ ਲਪਟਾਂ ਛੱਡਦਾ
ਸੁਗੰਧੀਆਂ ਫੈਲਾਉਂਦਾ
ਬਣ ਗਿਆ ਹੈ ਅੱਜ
ਕਾਲਾ ਪੱਥਰ, ਗੁੰਮ ਸੁਮ
ਭੈਅ-ਭੀਤ।
✪

## ਮੱਧਵਰਗੀ ਜੀਵਨ

ਉਹ ਹਰ ਰੋਜ਼ ਆਥਣ ਨੂੰ
ਦੋ ਘੁੱਟ ਪੀ ਕੇ
ਮੌਤ ਨਾਲ ਲੁਕਣ ਮਚੀਚੀ ਖੇਡਦਾ
ਖੇਡਦਾ ਖੇਡਦਾ ਸੌਂ ਜਾਂਦਾ
ਸੁਬ੍ਹਾ ਉੱਠ
ਜ਼ਿੰਦਗੀ ਜਿਊਣ ਦਾ ਢੌਂਗ ਰਚਾਉਂਦਾ
ਭਾਰ ਢੋਂਹਦਾ, ਭੱਜ ਨੱਠ ਕਰਦਾ
ਮੁੱਠੀਆਂ ਨਾਲ ਲਏ ਕਰਜ਼ੇ ਨੂੰ
ਵੂੱਕਾਂ ਨਾਲ ਨਾਪਦਾ
ਜਵਾਨ ਹੋ ਰਹੀ ਧੀ ਨੂੰ
ਕੈਹਰੀ ਅੱਖ ਨਾਲ ਵੇਖਦਾ
ਪੁੱਤ ਨਾਲ ਅੱਖ ਨਾ ਮਿਲਾਉਂਦਾ
ਢਿੱਡ ਨੂੰ ਗੰਢਾਂ ਦੇ ਦੇ
ਨਵੇਂ ਸੁਪਨੇ ਸਿਰਜਦਾ
ਮਹਿਲ ਉਸਾਰਦਾ
ਉਸਰਿਆਂ ਦੀ ਢਾਹ ਭੰਨ ਕਰਦਾ
ਤੇ ਮੁੜ ਆਥਣ ਨੂੰ ਫਿਰ
ਮੌਤ ਨਾਲ ਅਠਖੇਲ੍ਹੀਆਂ ਕਰਦਾ
ਕਰਦਾ-ਕਰਦਾ ਸੌਂ ਜਾਂਦਾ
ਉਹ ਇੱਕ ਟੱਕ ਦੇਖਦੀ ਰਹਿੰਦੀ
ਝੂਰਦੀ, ਤੜਫਦੀ ਰਹਿੰਦੀ
ਮੌਤ ਦੇ ਸਾਏ
ਵੱਡੇ ਛੋਟੇ ਅਕਾਰ ਬਦਲਦੇ
ਕਾਲੇ, ਧੁਆਂਖੇ ਤੇ ਦੂਧੀਆ ਹੁੰਦੇ
ਉਹ ਬੱਦਲਾਂ ਦੀਆਂ ਤਿੱਤਰ ਖੰਭੀਆਂ
ਵਿੱਚ ਗੁੰਮਸੁੰਮ, ਮੱਲ੍ਹਦੀ ਟਿਕਾਣਾ
ਨੀਂਦ ਦੀ ਗੋਦ ਵਿੱਚ।

✪

## ਗਿੱਲੀ ਮਿੱਟੀ

ਉਹ ਸਮਝਦੇ ਹਨ
ਲੋਕਾਂ ਦਾ ਕੀ ਐ
ਇਹ ਤਾਂ ਗਿੱਲੀ ਮਿੱਟੀ ਨੇ
ਜਿੱਧਰ ਨੂੰ ਮੋੜ ਲਿਆ ਮੁੜ ਗਏ
ਜਿੱਧਰੋਂ ਤੋੜ ਦਿੱਤਾ ਟੁੱਟ ਗਏ
ਜੀ ਕੀਤਾ ਖਿੰਡਾ ਦਿੱਤੇ
ਜੀ ਕੀਤਾ ਜੋੜ ਲਏ
ਉਹ ਤਾਕਤ ਦੇ ਨਸ਼ੇ ਵਿੱਚ
ਹੋ ਰਹੇ ਨੇ ਅਣਜਾਣ
ਕਿ ਇਸ ਮਿੱਟੀ ਨੂੰ ਲੋੜ ਹੈ
ਇੱਕ ਹੀ ਚਿਣਗ ਦੀ
ਇੱਕ ਹੀ ਸੀਖ ਦੀ
ਇੱਕ ਹੀ ਤਾਅ ਦੀ
ਜਿਸਨੇ ਬਣਨਾ ਹੈ ਪੱਕੀ ਇੱਟ
ਜਿਸਦੇ ਇੱਕ ਹੀ ਪੱਕੇ ਰੋੜੇ ਨੇ
ਬਿੰਨਣਾ ਹੈ ਨਿਸ਼ਾਨਾ
ਲੱਗਣਾ ਹੈ ਧੁਰ ਸੀਨੇ ਤੇ।
✪

## ਵਾਅਦੇ ਤੇ ਵਿਸ਼ਵਾਸ

ਵਾਅਦਿਆਂ ਦੇ ਚੀਰ ਫੱਟ
ਸਰੀਰਾਂ ਨੂੰ ਨਹੀਂ ਕਰਦੇ ਜ਼ਖ਼ਮੀ
ਕਰਦੇ ਨੇ ਦਿਲਾਂ ਵਿੱਚ ਗਹਿਰੇ ਛੇਕ
ਸੀਨੇ ਵਿੱਚ ਚਲਦੇ ਆਰਿਆਂ ਨੇ
ਮੋੜ ਲਿਆ ਹੈ ਰੁੱਖ
ਹੋ ਗਏ ਨੇ ਹਕੀਕਤਾਂ ਦੇ ਸਨਮੁੱਖ
ਹੁਣ ਰੁੱਤਾਂ ਵਾਅਦਿਆਂ ਦੀਆਂ ਨਹੀਂ
ਹੋਣਗੀਆਂ ਸਨਮੁੱਖ ਹਕੀਕਤਾਂ ਦੇ
ਫਿਰ ਜੀਣ ਦੇ ਅਰਥ ਬੇਮਾਅਨੇ
ਨਹੀਂ ਜ਼ਿੰਦਗੀ ਦੇ ਹੋਣਗੇ
ਧੜਕਦੇ ਭੂਚਾਲਾਂ ਦੇ ਸੀਨੇ ਅੰਦਰ
ਹੁਣ ਵਾਅਦਿਆਂ ਦੇ ਨਹੀਂ
ਸੱਚ ਦੇ ਬੀਜ ਪੁੰਗਰਨਗੇ
ਅਸਮਾਨ ਜਾਂ ਹਵਾ ‘ਚ ਨਹੀਂ
ਸਗੋਂ ਵਿਸ਼ਵਾਸ਼ਾਂ ਦੀ ਇਸ ਧਰਤ ਦੇ ਉੱਤੇ।
✪

## ਮੇਰੀ ਕਵਿਤਾ

ਮੇਰੀ ਕਵਿਤਾ ਵਿਚਲੇ ਸ਼ਬਦ
ਤੁਹਾਡੇ ਲਈ ਕਿਉਂ
ਬਣਦੇ ਹਨ ਗੁਰੇਜ਼ ਦੇ ਪ੍ਰਤੀਕ
ਤਸ਼ੱਦਦ, ਪੀੜਾਂ, ਵੈਣ,
ਕੀਰਨੇ, ਰੋਹ, ਸੰਘਰਸ਼
ਤੁਹਾਨੂੰ ਕਿਉਂ ਨਹੀਂ ਲੱਗਦੇ
ਕਵਿਤਾ ਦੀ ਰੂਹ
ਇਹ ਤਾਂ ਅੰਗ ਹਨ ਮਨੁੱਖਤਾ ਦੇ
ਜਿਸ ਵਿੱਚ ਜਿਊਂਦੀ ਹੈ ਕਵਿਤਾ
ਐਸ਼ ਰੰਗਰਲ਼ੀਆਂ
ਤਾਂ ਹਿੱਸਾ ਹਨ ਕੁਝ ਲੋਕਾਂ ਲਈ
ਚਸ਼ਮਿਆਂ ਦੀ ਸੁੰਦਰਤਾ
ਵਾਦੀਆਂ 'ਚ ਵਿਚਰਨਾ
ਜੁਗਨੂੰਆਂ ਦੀ ਜਗਮਗਾਹਟ
ਝਰਨਿਆਂ ਦੀ ਮਨਮੋਹਕਤਾ
ਤਿਤਲੀਆਂ ਦਾ ਉੱਡਣਾ
ਨੂੰ ਹੀ ਨਾ ਬਣਨ ਦਿਉ
ਸ਼ਿੰਗਾਰ ਸਿਰਫ ਕਵਿਤਾ ਦਾ
ਕੁਦਰਤ ਦਾ ਕਰਕੇ ਸ਼ਿਕਾਰ
ਕੰਧਾਂ ਤੇ ਲਟਕਾ ਕੇ ਖੱਲਾਂ ਦੇ ਖੋਲ
ਕਦੋਂ ਤੱਕ ਰੱਖੋਗੇ ਜ਼ਿੰਦਾ
ਬੱਚਿਆਂ ਨੂੰ ਦਿਖਾਉਣ ਲਈ
ਨਿਰਬਲਾਂ ਨੂੰ ਡਰਾਉਣ ਲਈ
ਕਿਤੇ ਭੁੱਲ ਨਾ ਜਾਇਓ ਦੁੱਲੇ ਨੂੰ

ਕਰ ਸਕਦੇ ਹਨ ਸਵਾਲ ਉਹ ਵੀ
ਮਾਂ ਲੱਧੀ ਨੂੰ ਕੀਤੇ ਸੁਆਲਾਂ ਬਾਰੇ
ਟਕਰਾਉਣ ਲਈ ਹਕੀਕਤ ਨਾਲ
ਜੂਝਣਾ ਪਵੇਗਾ ਇਨ੍ਹਾਂ ਹੀ ਸ਼ਬਦਾਂ ਨਾਲ
ਕਵਿਤਾ ਨੂੰ ਉਹ ਕੰਜਰੀ ਨਾ ਬਣਾਓ
ਜੋ ਨੱਚਦੀ ਹੈ ਤੁਹਾਡੀ ਤਾਲ ਤੇ
ਕਰਕੇ ਹਾਰ ਸ਼ਿੰਗਾਰ
ਕਰਦੀ ਹੈ ਮਨੋਰੰਜਨ
ਉਹਦੇ ਮਨ ਦੀ ਮਾਨਸਿਕਤਾ
ਪੈਰਾਂ ਦੇ ਛਾਲੇ
ਮਜ਼ਬੂਰੀ ਦੀ ਪੀੜ
ਵੀ ਹੋ ਸਕਦੀ ਹੈ ਕਵਿਤਾ
ਤਾਂ ਹੀ ਮੇਰੀ ਡੂੰਘੀ ਸਾਂਝ
ਹੈ ਇਹਨਾਂ ਸ਼ਬਦਾਂ ਨਾਲ।
✪

## ਸੱਚ ਦਾ ਹਸ਼ਰ

ਤੁਸੀਂ ਕੋਸ਼ਿਸ਼ ਨਾ ਕਰੋ
ਮੈਨੂੰ ਡਰਾਉਣ ਦੀ
ਸੱਚ ਦੇ ਹਸ਼ਰ ਤੋਂ
ਮੈਂ ਹਾਂ ਭਲੀ ਭਾਂਤ ਵਾਕਫ
ਸੁਕਰਾਤ ਦੇ ਪਿਆਲੇ
ਦੀ ਗਾਥਾ ਤੋਂ
ਮਨਸੂਰ ਦੀ ਸੂਲੀ
ਦੀ ਨੋਕ ਤੋਂ

ਗੋਬਿੰਦ ਸਿੰਘ ਦੇ ਪਰਿਵਾਰ
ਦੀ ਸ਼ਹਾਦਤ ਤੋਂ
ਨਿੱਕੀਆਂ ਜ਼ਿੰਦਾਂ ਦੀ ਕੰਧਾਂ ਵਿੱਚ
ਸਾਹ ਦੀ ਘੁਟਨ ਤੋਂ
ਮਤੀ ਦਾਸ ਦੇ ਆਰੇ ਦੀ
ਤਿੱਖੀ ਧਾਰ ਦੇ ਚੀਰ ਤੋਂ
ਅਰਜ਼ਨ ਦੀ ਤੱਤੀ ਤਵੀ
ਦੇ ਸੇਕ ਤੋਂ
ਦਿਆਲੇ ਦੀ ਦੇਗ ਦੇ
ਉਬਲਦੇ ਪਾਣੀ ਦੀਆਂ ਭਾਫਾਂ ਤੋਂ

ਜ਼ਲਿਆਂ ਵਾਲੇ ਬਾਗ 'ਚ
ਮਾਸੂਮੀਅਤ ਦੀ ਮੌਤ ਦੇ ਜਸ਼ਨ ਤੋਂ
ਭਗਤ ਸਿੰਘ ਹੋਰਾਂ ਦੇ
ਫੰਦੇ ਦੀ ਤਾਕਤ ਤੋਂ
ਝੂਠੇ ਪੁਲਸ ਮੁਕਾਬਲਿਆਂ ਦੀਆਂ
ਰੌਚਕ ਕਹਾਣੀਆਂ ਤੋਂ
ਤੇ ਦਾਜ ਦੇ ਲੋਭ ਵਿੱਚ ਸੜ ਰਹੀਆਂ
ਔਰਤਾਂ ਦੇ ਸੜੇਵੇਂ ਦੇ ਦੁੱਖ ਤੋ

ਗੁਰਬਤ ਭਰੀ ਜ਼ਿੰਦਗੀ ਵਿੱਚ
ਭੁੱਖ ਨਾਲ ਵਿਲਕਦੇ ਬੱਚਿਆਂ
ਦੀ ਦਾਸਤਾਨ ਤੋਂ

ਉਸ ਜ਼ਿੰਦਾ ਸੱਚ ਨੇ ਹੀ ਤਾਂ
ਮੇਰੀ ਕਲਮ ਨੂੰ ਦਿੱਤਾ ਹੈ
ਰੂਪ ਚੰਡੀ ਦਾ
ਹੁਣ ਇਹ ਅੱਗ ਉਗਲੇਗੀ
ਝੂਠ ਦੇ ਆਹੂ ਲਾਹੇਗੀ
ਦੰਭੀ ਤੇ ਪਾਖੰਡੀ ਲੋਕਾਂ ਦੀ
ਕਰੇਗੀ ਦੁਰਗਤ
ਸੱਚ ਦੇ ਰਾਹਾਂ ਤੇ
ਬੇਖੌਫ, ਬੇਡਰ ਚੱਲੇਗੀ
ਕਰੇਗੀ ਮੇਰੇ ਸੱਚੇ
ਇਕਰਾਰ ਦੀ ਪਾਲਣਾ
ਜੋ ਮੈਂ ਕੀਤਾ ਹੈ
ਤੁਹਾਡੇ ਸਾਰਿਆਂ ਦੇ ਨਾਲ
ਇਹ ਤਾਂ ਹੁਣ ਲਿਖੇਗੀ
ਮੇਰੀ ਜ਼ਿੰਦਗੀ ਅਤੇ ਆਪਣੀ
ਸਿਆਹੀ ਦੇ ਅੰਤਲੇ ਤੁਪਕੇ ਤੱਕ।
✪

## ਵਲਵਲਿਆਂ ਦੀ ਹਾਂਡੀ

ਹੁਣ ਰਾਹ ਉਹਦਾ ਪਿੱਛਾ ਨਹੀਂ ਛੱਡਦੇ
ਬਚਪਨ ਤੋਂ ਆਦਤ ਪੈ ਗਈ ਹੈ
ਇਸ ਘੁੰਮਣਘੇਰੀ ਦੀ
ਭੱਜ ਜਾਣਾ ਚਾਹੁੰਦੀ ਹੈ
ਦੂਰ ਪਰੇ
ਕਦੇ ਕਦੇ ਸੋਚਦੀ ਹੈ
ਮਨੁੱਖਾ ਜਨਮ ਇੱਕ ਵਾਰ ਹੀ ਤਾਂ ਮਿਲਦਾ ਹੈ
ਕਿਉਂ ਨਹੀਂ ਤੋੜ ਦਿੰਦੀ
ਆਲੇ ਦੁਆਲੇ ਪਈਆਂ ਕੰਧਾਂ ਨੂੰ
ਵਲਵਲਿਆਂ ਦੀ ਹਾਂਡੀ
ਕਿੰਨਾ ਕੁ ਚਿਰ ਤੌੜੀ ਦੇ ਸਾਗ
ਵਾਂਗ ਰਿੱਝਦੀ ਰਹੇਗੀ
ਫਿਰ ਖਿਆਲ ਆਉਂਦਾ ਹੈ
ਉਹ ਔਰਤ ਦਾ ਵਜੂਦ ਹੈ
ਔਰਤ ਔਰਤ ਹੈ
ਉਹ ਇੱਕਲੀ ਕਿੱਥੇ ਹੈ?
ਦੇਖਦੀ ਹੈ, ਹਰ ਔਰਤ ਦੇ
ਚਿਹਰੇ ਤੇ ਉਭਰਦੇ
ਡਰ ਤੇ ਚਿੰਤਾ ਦੇ ਨਕਸ਼
ਉਹਨਾਂ ਵਿੱਚੋਂ ਝਲਕਦੀ ਹੈ
ਉਹਦੇ ਬੱਚਿਆਂ ਦੀ ਮਾਸੂਮੀਅਤ
ਉਹਨਾਂ ਦਾ ਭਵਿੱਖ
ਬੁੱਢੇ ਬਾਪੂ ਦੀ ਪੱਗ
ਮਾਂ ਦੀ ਚਾਦਰ
ਸਮਾਜ ਦੀਆਂ ਆਰਾਂ
ਦਫਨ ਹੋ ਕੇ ਰਹਿ ਜਾਂਦੀ ਹੈ
ਉਸਦੀ ਆਪਣੀ ਸੋਚ
ਵਜੂਦ, ਵਲਵਲੇ, ਖਿਆਲ
ਸੁਫਨੇ ਤੇ ਕਿੰਨਾ ਕੁੱਝ।
✪

## ਗਿਰਝਾਂ

ਆ ਰਹੀਆਂ ਨੇ ਖਬਰਾਂ
ਕਿ ਮਰ ਮੁੱਕ ਗਈਆਂ ਨੇ
ਗਿਰਝਾਂ ਮੇਰੇ ਦੇਸ਼ ਦੀਆਂ
ਖਾਂਦਾ ਨਹੀਂ ਕੋਈ
ਮਰੇ ਪਸ਼ੂਆਂ ਦਾ ਮਾਸ
ਇਹ ਤਾਂ ਹੋਣਾ ਹੀ ਸੀ
ਜਦੋਂ ਤੋਂ ਲੀਡਰਾਂ ਨੇ
ਕੀਤਾ ਹੈ ਸ਼ੁਰੂ ਮਾਸ ਖਾਣਾ,
ਖ਼ੂਨ ਪੀਣਾ
ਜਿਊਂਦੇ ਮਨੁੱਖਾਂ ਦਾ
ਸ਼ਰਮਾ ਗਈਆਂ ਨੇ ਗਿਰਝਾਂ
ਕਿੰਨਾ ਚਿਰ ਪਕਾਉਂਦੀਆਂ ਥੁੱਕੀਂ ਵੜੇ
ਮਰ ਮੁੱਕ ਗਈਆਂ ਹੋਣਗੀਆਂ
ਚੱਪਣੀ 'ਚ ਨੱਕ ਡੋਬ ਕੇ
ਇਸ ਵਰਤਾਰੇ ਨੂੰ ਦੇਖ
ਵਿਚਾਰੀਆਂ-----।

✪

## ਰੁਤਬਾ

ਜਦੋਂ ਮਨੁੱਖ ਨੇ ਧਰਤੀ ਨੂੰ
ਮਾਂ ਦਾ ਦਿੱਤਾ ਹੋਵੇਗਾ ਰੁਤਬਾ
ਤਾਂ ਔਰਤ ਦਾ ਮਾਣ ਮੱਤਾ ਸਿਰ
ਛੂਹਿਆ ਹੋਵੇਗਾ ਸਿਖਰਾਂ ਨੂੰ
ਉਹ ਮਾਂ ਜਾਂ ਧਰਤੀ ਮਾਂ
ਜਿਸਨੇ ਸਾਜੀ ਹੈ ਸ਼੍ਰਿਸ਼ਟੀ
ਆਪਣੀ ਕੁੱਖ ਵਿੱਚੋਂ
ਸਿਰਜਿਆ ਹੈ ਸੰਸਾਰ
ਜੋ ਕੱਟਦੀ ਹੈ ਜਣੇਪਾ
ਉਹਦੀਆਂ ਪੀੜਾਂ
ਪਰ ਖੁਸ਼ ਹੈ, ਸਥਿਰ ਹੈ,
ਨਮਰ ਹੈ, ਸਹਿਜ ਹੈ
ਨਹੀਂ ਰੱਖਿਆ ਉਹਨੇ ਭੇਦਭਾਵ
ਪੇੜ ਪੌਦੇ, ਜੀਵ ਜੰਤੂ
ਪਸ਼ੂ ਪੰਛੀ ਤੇ ਮਨੁੱਖਾਂ ਵਿੱਚ
ਦਿੱਤਾ ਹੈ ਰੱਜ ਕੇ ਖਾਣ ਨੂੰ
ਪਹਿਨਣ ਨੂੰ ਤੇ ਹਰ ਸੁੱਖ ਮਾਨਣ ਨੂੰ
ਤੇ ਔਰਤ ਰੂਪੀ ਮਾਂ
ਮਹਾਂ ਭਾਰਤ ਤੇ ਕਰਬਲਾ
ਵਿੱਚੋਂ ਲੰਘ ਕੇ ਵੀ
ਦਰੋਪਦੀ ਬਣ ਵੱਟਦੀ ਹੈ ਕਸੀਸ
ਇਹ ਵੀ ਵਿਚਰਦੀ ਹਰ ਮੌਸਮਾਂ
ਗਰਮੀ, ਸਰਦੀ, ਪਤਝੜ

ਬਸੰਤ ਤੇ ਬਰਸਾਤਾਂ ਵਿੱਚੋਂ ਵੀ
ਸਿਸਕਦੀ ਵੀ ਹੈ
ਬੇਜਾਨ ਸ਼ੈਆਂ ਵਾਂਗ
ਮਨੁੱਖ ਨੇ ਫਿਰ ਔਰਤ ਨੂੰ
ਵੇਸਵਾ, ਰੰਡੀ, ਆਦਮਖਾਣੀ
ਬਦਚਲਣਣ, ਪੱਥਰ, ਕਮਜਾਤ
ਪਤਿਤਾ ਵਰਗੇ ਦੇ ਦਿੱਤੇ ਵਿਸ਼ੇਸ਼ਣ
ਮਾਂ ਜਾਂ ਧਰਤੀ ਮਾਂ ਦੇ
ਸੀਨੇ ਵਿੱਚ ਪਾ ਕੇ ਜ਼ਹਿਰ
ਕਰਨੇ ਚਾਹੇ ਹਨ ਫਨਾਹ ਉਸਦੇ ਬੱਚੇ,
ਜੀਵ-ਜੰਤੂ, ਪੇੜ-ਪੌਦੇ
ਪਸ਼ੂ-ਪੰਛੀ ਤੇ ਮਨੁੱਖ
ਪੈ ਕੇ ਹਾਊਮੇ ਦੇ ਕਲਚਰ ਵਿੱਚ
ਮੰਡੀ ਦੀ ਦੌੜ ਵਿੱਚ
ਮਾਂ ਜਾਂ ਧਰਤੀ ਮਾਂ ਦੇ
ਚੀਰਹਰਣ ਤੋਂ ਪਹਿਲਾਂ
ਭੁੱਲ ਗਿਆ ਉਹ ਕਿ
ਮਾਂ ਜਾਂ ਧਰਤੀ ਮਾਂ ਦੇ ਸੀਨੇ ਵਿੱਚ
ਇੱਕ ਦਹਿਕਦਾ ਅੰਗਾਰ ਵੀ ਹੈ
ਪਰ ਉਹ ਫਿਰ ਵੀ
ਖਾਮੋਸ਼ ਹੈ, ਸ਼ਾਂਤ ਹੈ
ਇਸ ਯੁੱਗ ਵਿੱਚ ਹੁਣ ਮਿਥਿਹਾਸ ਵਾਂਗ
ਦਰੋਪਦੀ ਦੇ ਚੀਰਹਰਣ ਦਾ ਪੱਲੂ
ਲੰਬਾ ਨਹੀਂ ਵਟ ਜਾਵੇਗਾ
ਚੀਥੜਿਆਂ ਵਿੱਚ
ਫਰੋਲ਼ੋ ਨਾ ਇਸਦੇ ਚੀਥੜੇ
ਕਿ ਇਸਦੀ ਪਵਿੱਤਰਤਾ
ਵਿੱਚੋਂ ਲਹੂ ਸਿੰਮਣ ਲੱਗੇ
ਉਸਦੇ ਸਬਰ ਦੀ ਇੰਤਹਾ ਨਹੀਂ
ਮਾਪੀ ਜਾਣੀ ਕਲੇਜੇ ਵਿੱਚ ਸਾਂਭੇ
ਜਵਾਰਭਾਟਿਆਂ ਤੋਂ

ਉਦੋਂ ਤਾਈਂ ਜਦੋਂ ਤੱਕ
ਉਹਦੀ ਛਾਤੀ ਛਲਣੀ ਕਰ
ਸੁਲਗਦੇ ਲਾਵੇ ਆਪ ਮੁਹਾਰੇ ਨਾ ਫੁੱਟ ਪੈਣ
ਇਹ ਲਾਵੇ ਫੁੱਟਣ ਤੋਂ ਪਹਿਲਾਂ
ਆਓ ਮਾਵਾਂ ਨੂੰ ਮਾਵਾਂ ਰਹਿਣ ਦੇਈਏ
ਇੱਕ ਉਹ ਮਾਂ ਜਿਸਨੇ ਸਾਜੀ ਹੈ ਸ਼੍ਰਿਸ਼ਟੀ
ਤੇ ਉਹ ਮਾਂ ਜਿਸਨੇ ਜਨਮਿਆ ਹੈ ਮਨੁੱਖ।
✪

## ਮੈਂ ਜਾਨਵਰ ਹਾਂ

ਮੈਂ ਕਹਿਣ ਨੂੰ ਤਾਂ ਇੱਕ ਜਾਨਵਰ ਹਾਂ
ਕੁੱਤਾ, ਬਿੱਲਾ, ਗਧਾ, ਘੋੜਾ, ਸ਼ੇਰ, ਚੀਤਾ,
ਮੱਝ, ਗਾਂ ਕੁੱਝ ਵੀ ਹੋਵਾਂ
ਖਾਹ ਮਖਾਹ ਅੱਜ ਕੱਲ ਸੁਰਖੀਆਂ ਵਿੱਚ ਵੀ ਹਾਂ
–ਖੂੰਖਾਰ ਜਾਨਵਰਾਂ ਨੇ ਭੁੰਨ ਦਿੱਤੀਆਂ ਮਾਸੂਮ ਕੋਮਲ ਜ਼ਿੰਦਾਂ
ਗੋਲੀਆਂ ਨਾਲ।
–ਚਾਰ ਹੈਵਾਨ ਜਾਨਵਰਾਂ ਨੇ ਇਕੱਠੇ ਹੋ ਕੇ
ਕੀਤਾ ਹੈ ਬਲਾਤਕਾਰ ਵਾਰ ਵਾਰ ਇਕੱਲੀ ਕੁੜੀ ਦਾ।
–ਭਿਅੰਕਰ ਜਾਨਵਰਾਂ ਨੇ ਨੱਚਿਆਂ ਹੈ ਨੰਗਾ ਨਾਚ
ਦਿਨ ਦੁਪਹਿਰੇ ਨਿਹੱਥੇ ਲੋਕਾਂ ਨੂੰ ਕੁੱਟ ਕੇ।
ਮੈਂ ਹੈਰਾਨ ਪ੍ਰੇਸ਼ਾਨ ਹਾਂ ਕਿ
ਕੌਣ ਬਦਲ ਰਿਹਾ ਹੈ ਮੇਰੀ ਪਰਿਭਾਸ਼ਾ
ਮੇਰੀ ਤਾਂ ਤਨ ਦੀ ਭੁੱਖ ਹੈ ਵਰ੍ਹੇ ਛਿਮਾਹੀ
ਢਿੱਡ ਦੀ ਭੁੱਖ ਹੈ ਢਿੱਡ ਭਰਨ ਤੱਕ
ਸੀਮਤ ਹੈ ਮਨ ਦੀ ਭੁੱਖ ਵੀ
ਰਾਜਾਂ, ਤਾਜ਼ਾਂ ਦੇ ਨਸ਼ੇ ਤੋਂ ਮੁਕਤ
ਝੁੰਡਾਂ ਵਿੱਚ ਰਹਿ ਕੇ, ਕਰਦਾ ਹਾਂ ਦੋਸਤੀਆਂ
ਖਾਂਦਾ ਹਾਂ ਕਮਾ ਕੇ
ਮਾਰਦਾ ਨਹੀਂ ਡਾਕਾ ਦੂਜੇ ਦੇ ਹੱਕਾਂ ਤੇ
ਅਰਪਣ ਵੀ ਕਰਦਾ ਹਾਂ
ਜੋ ਮੇਰੇ ਕੋਲ ਪਿਆਰ, ਵਫਾ, ਦੁੱਧ, ਉੱਨ ਜਾਂ ਖੱਲ ਹੈ
ਰਾਖੀ ਵੀ ਕਰਦਾ ਹਾਂ ਕੁਦਰਤ ਦੇ ਨਿਯਮਾਂ ਦੀ
ਸਿਰਫ ਤੇ ਸਿਰਫ ਆਪਣੇ ਬਚਾਓ ਲਈ ਕਰਦਾ ਹਾਂ ਵਾਰ
ਇਹ ਤਾਂ ਮਨੁੱਖ ਹੀ ਹੈ

ਜੋ ਤੁੰਨਦਾ ਹੈ ਮਾਸੂਮਾਂ ਦੇ ਮੂੰਹਾਂ ਵਿੱਚ ਅੱਗਾਂ
ਪੇਸ਼ਾਵਰ, ਹੀਰੋਸ਼ੀਮਾ- ਨਾਗਾਸਾਕੀ ਵਰਗੇ ਭਿਅੰਕਰ ਮੰਜ਼ਰ
ਧਰਮ ਦੇ ਨਾਂ ਤੇ ਝੁਲਾਉਂਦਾ ਹੈ ਅਧਰਮ ਦਾ ਪਰਚਮ
1947-84 ਵਰਗੇ ਕਤਲੇਆਮ
ਜੋ ਕਰਦਾ ਹੈ ਨਿਹੱਥਿਆਂ ਦੇ ਕਤਲ
ਰਚਾਉਣੇ ਪੈਂਦੇ ਹਨ ਜਿਸਨੂੰ ਝੂਠ ਦੇ ਪਰਪੰਚ
ਇਰਾਕ, ਅਫਗਾਨਿਸਤਾਨ, ਫਲਸਤੀਨ, ਪਾਕਿਸਤਾਨ
ਮਨ ਵਿੱਚ ਪਾਲ਼ਦਾ ਹੈ
ਬਦਲਾ, ਤਬਾਹੀ ਵਰਗੇ ਦਹਿਸ਼ਤੀ ਗੁਣ
ਮਿਜ਼ਾਇਲਾਂ, ਟੈਂਕਾਂ, ਡਰੋਨਾਂ ਨਾਲ ਨਿੱਤ ਦੇ ਹਮਲੇ
ਹਵਸ਼ਾਂ ਦੀ ਪੂਰਤੀ ਲਈ, ਕਬਜ਼ੇ ਲਈ,
ਖੁਦਗਰਜ਼ ਮੈਂ ਲਈ, ਅਮੀਰੀ ਲਈ
ਸ਼ਵਿਸ ਬੈਂਕਾਂ ਦੇ ਢਿੱਡਾਂ ਲਈ
ਦੁਨੀਆਂ ਤੇ ਛਾਅ ਜਾਣ ਲਈ
ਨਹੀਂ ਛੱਡੀ ਕੋਈ ਵੀ ਕਸਰ
ਮੇਰੇ, ਰੁੱਖਾਂ ਤੇ ਪੰਛੀਆਂ ਦੇ ਜੜ੍ਹੀਂ ਤੇਲ ਦੇਣ ਦੀ ਵੀ
ਭਲਾ ਮੈਨੂੰ ਕਿਉਂ ਕਰਦੇ ਹੋ ਬਦਨਾਮ
ਮੈਨੂੰ ਦਰਿੰਦਾ, ਹੈਵਾਨ, ਭਿਅੰਕਰ ਨਾ ਬਣਾਉ
ਇਹ ਵਿਸ਼ੇਸ਼ਣ ਮੁਬਾਰਕ ਹੋਣ ਮਨੁੱਖ ਨੂੰ ਹੀ
ਮੈਨੂੰ ਤਾਂ ਸਿੱਧਾ ਸਾਦਾ ਜਾਨਵਰ ਰਹਿਣ ਦਿਉ
ਮੈਂ ਤਾਂ ਸਿਰਫ ਤੇ ਸਿਰਫ ਜਾਨਵਰ ਹਾਂ
ਕ੍ਰਿਪਾ ਕਰੋ ਮੈਨੂੰ ਬਣਾਓ ਨਾ ਸੁਰਖੀਆਂ ਦਾ ਸ਼ਿੰਗਾਰ।
✪

## ਰਵਿੰਦਰ ਭੰਗੂ ਦੀ ਹੂਕ

ਮੈਂ ਵਸਤੂ ਤੇ ਨਹੀਂ
ਨਾ ਹੀ ਜਾਇਦਾਦ ਹਾਂ
ਜਿਸਨੂੰ ਖ਼ਰੀਦ ਲਿਆ,
ਵਰਤ ਲਿਆ, ਮਾਂਜ ਲਿਆ
ਰੱਖ ਲਿਆ, ਲੋੜ ਪਈ ਤੇ ਵੇਚ ਲਿਆ
ਤੇ ਪੁਰਾਣੀ ਹੋਈ ਸੁੱਟ ਦਿੱਤਾ।
ਮੈਂ ਵੀ ਹੱਡ ਮਾਸ ਦੀ ਪੁਤਲੀ ਹਾਂ
ਜਿਸ ਕੋਲ ਜ਼ਿੰਦ ਹੈ, ਜਾਨ ਹੈ
ਸੋਚ ਹੈ, ਦਿਮਾਗ ਹੈ
ਦਰਦ ਹੈ, ਤੜਪ ਹੈ
ਸਮਝ ਹੈ, ਖਿਆਲ ਹੈ
ਸ਼ਬਦ ਹੈ, ਅਰਥ ਹੈ
ਪਿਆਰ ਹੈ, ਪ੍ਰਵਾਹ ਹੈ
ਚੀਕ ਹੈ, ਅਵਾਜ਼ ਹੈ
ਰੰਗਾਂ ਦੀ ਦਿਵਾਨੀ ਵੀ ਹਾਂ
ਖੁਸ਼ੀਆਂ ਦੀ ਮਸਤਾਨੀ ਵੀ ਹਾਂ।

ਪਰ ਤੂੰ ਮੈਨੂੰ
ਵਸਤੂ ਹੀ ਤਾਂ ਸਮਝਿਆ
ਪਿਆਰ ਕੀਤਾ, ਵਰਤਿਆ
ਖੇਡਿਆ, ਦੁਰਕਾਰਿਆ
ਮੈਂ ਜ਼ਲੀਲ ਹੋਈ
ਹਰ ਦਿਨ ਜ਼ਲਾਲਤ ਸਹਿੰਦੀ
ਡਰ ਡਰ ਕੇ ਸਾਹ ਲੈਂਦੀ
ਚਿਣਗ ਭਰ ਖੁਸ਼ੀ ਢੂੰਡਦੀ
ਆਪੇ ਨੂੰ ਹਲੂਣਦੀ
ਅਹਿਸਾਸਾਂ ਨੂੰ ਚੁਆਤੀ ਲਾ
ਜੀਣ ਦੀ ਇੱਛਾ ਲੈ
ਪੁੰਗਰਨ ਦੀ ਆਸ ਨਾਲ

ਕਦਮ ਹੀ ਤਾਂ ਪੁੱਟਿਆ ਸੀ।
ਤੈਨੂੰ ਤਾਂ ਵਸਤੂ ਵਿੱਚ
ਜ਼ਿੰਦਗੀ ਦਾ ਧੜਕਣਾ
ਕੰਡੇ ਵਾਂਗ ਚੁੱਭਿਆ ਸੀ
ਆਪਣੀਆਂ ਅੱਖਾਂ ਤੇ
ਹੰਕਾਰ ਦੀ ਪੱਟੀ ਬੰਨ੍ਹ
ਜਾਇਦਾਦ ਦੀ ਖ਼ੁੱਸੀ ਮਾਲਕੀ ਦੇਖ
ਇੱਜ਼ਤ ਦਾ ਢੰਡੋਰਾ ਪਿੱਟਦਾ ਪਿੱਟਦਾ
ਮੈਂ ਨਹੱਥੀ ਤੇ ਵਾਰ ਕਰ
ਕੁਹਾੜੀਆਂ, ਚਾਕੂਆਂ ਦੀ
ਤਿੱਖੀ ਧਾਰ ਨਾਲ
ਕੋਹ ਕੋਹ ਕੇ
ਤਮਾਸ਼ਬੀਨਾਂ ਦੇ ਸਾਹਮਣੇ
ਮਦਾਰੀ ਵਾਂਗ ਡੁੱਗਡੁਗੀ ਵਜਾ
ਤਮਾਸ਼ਾ ਕਰ
ਉਡੀਕ ਕਰਦਾ ਰਿਹਾ
ਉਸ ਧੜਕਦੀ ਤੇ ਤੜਫਦੀ ਜ਼ਿੰਦ ਦੀ।

ਮੇਰੀ ਮੌਤ
ਇੱਕ ਸੁਨੇਹਾ ਹੈ, ਰੁੱਕਾ ਹੈ
ਮੇਰੇ ਵਰਗੀਆਂ ਸਮਝੀਆਂ
ਜਾਣ ਵਾਲੀਆਂ ਵਸਤੂਆਂ ਨੂੰ
ਜ਼ਿੰਦਗੀ ਤੁਹਾਡੇ ਅੰਦਰ
ਧੜਕਦੀ ਹੈ, ਪੁੰਗਰਦੀ ਹੈ
ਧੜਕਣ ਦਿਓ, ਪੁੰਗਰਨ ਦਿਓ
ਵਿਕਾਸ ਕਰੋ, ਵਿਰੋਧ ਕਰੋ
ਅਵਾਜ਼ ਬਣੋ, ਖਿਆਲ ਬਣੋ
ਹੂਕ ਬਣੋ, ਕੂਕ ਬਣੋ
ਕੂਕ ਬਣੋ, ਹੂਕ ਬਣੋ
ਹੂਕ ਬਣੋ, ਕੂਕ ਬਣੋ।
✪

## ਸੱਚ ਤੇ ਝੂਠ

ਸੱਚ ਤਾਂ ਬੇਪਰਦ ਹੈ
ਇਸ ਨੂੰ ਝੂਠ ਵਾਂਗ
ਲੋੜ ਨਹੀਂ ਮਖੌਟਿਆਂ ਦੀ
ਸੱਚ ਤਾਂ ਸਦੀਵੀ ਅਮਰ ਹੈ
ਇਸਦੀ ਮੌਤ ਅਸੰਭਵ ਹੈ
ਇਸ ਨੂੰ ਲੋੜ ਨਹੀਂ ਉਮਰਾਂ ਦੀ
ਝੂਠ ਦੀ ਥੋੜੀ ਜਿੰਨੀ ਉਮਰ
ਜਾ ਸਕਦੀ ਹੈ ਮਾਪੀ।
ਸੱਚ ਇੰਨਾ ਬਲਵਾਨ ਤੇ ਦ੍ਰਿੜ ਹੈ
ਕਿ ਜਿਸਨੂੰ ਹਥੌੜੇ ਦੀ ਮਾਰ
ਸਕਦੀ ਨਹੀਂ ਝੁਕਾ
ਝੂਠ ਇੱਕ ਕੱਚਾ ਘੜਾ ਹੈ
ਜੋ ਭਰ ਕੇ ਵੀ ਟੁੱਟੇਗਾ
ਜਿਸਦੀ ਸਥਿਰਤਾ ਦੀ ਕਦੇ ਵੀ ਆਸ ਨਹੀਂ
ਸੱਚ ਤਾਂ ਇੱਕ ਮਕਸਦ ਹੈ
ਝੂਠ ਦੇ ਸਾਰੇ ਹੀ ਮਕਸਦ
ਹੋ ਨਿਬੜਦੇ ਹਨ
ਸੱਚ ਦੇ ਮੂਹਰੇ ਬੇਮਕਸਦ
ਸੱਚ ਤਾਂ ਕੋਰਾ ਕੱਕਾ ਰੇਤਾ ਹੈ
ਜੋ ਚਮਕਦਾ ਹੈ ਸ਼ੁੱਧ ਸੋਨੇ ਦੀ ਤਰ੍ਹਾਂ
ਪਰ ਝੂਠਾਂ ਨੂੰ ਲੋੜ ਹੈ ਮੁਲੰਮੇ ਦੀ
ਸੱਚ ਕੌੜਾ ਜਰੂਰ ਹੈ
ਪਰ ਨਿਗਲਣ ਲੱਗਿਆਂ
ਪਹੁੰਚਾਉਂਦਾ ਨਹੀਂ ਪ੍ਰੇਸ਼ਾਨੀ
ਜ਼ਿੰਦਗੀ ਦੇ ਸਕੂਨ ਤੇ ਸਾਜ਼ ਨੂੰ
ਇੱਕ ਝੂਠ ਦਾ ਨੰਗ ਢੱਕਣ ਲਈ
ਮੱਥਾ ਲਾਉਣਾ ਪੈਂਦਾ ਹੈ
ਅਨੇਕਾਂ ਹੀ ਝੂਠਾਂ ਨਾਲ

ਸੱਚ ਤਾਂ ਉਹ ਜੜ੍ਹ ਹੈ
ਜੋ ਟਹਿਣਿਆਂ ਤੇ ਕਰੂੰਬਲਾਂ
ਨੂੰ ਦਿੰਦੀ ਹੈ ਜਨਮ
ਫਿਰ ਜ਼ਿੰਦਗੀ ਤੁਰਦੀ
ਸਾਵੀਂ ਪੱਧਰੀ।
ਝੂਠ ਉਹ ਖਲਜਗਣ ਹੈ
ਜੋ ਸਿੱਟਦਾ ਹੈ ਘੁੰਮਣਘੇਰੀ ਵਿੱਚ
ਸੱਚ ਤਾਂ ਉਹ ਸੰਤੁਲਤ ਪ੍ਰਵਾਹ ਹੈ
ਜੋ ਸਮੁੰਦਰ ਦੀਆਂ ਲਹਿਰਾਂ ਵਾਂਗ
ਨਿਰੰਤਰ ਤੋਰ ਤੁਰਦਾ ਹੈ
ਝੂਠ ਉਹ ਤੂਫ਼ਾਨ ਹੈ
ਜੋ ਮਚਾਉਂਦਾ ਹੈ ਹਰ ਥਾਂ ਉੱਥਲ ਪੁੱਥਲ
ਸੱਚ ਉਹ ਸ਼ੀਸ਼ਾ ਹੈ
ਜੋ ਦਿਖਾਉਂਦਾ ਹੈ ਦੁੱਧ ਦਾ ਦੁੱਧ
ਤੇ ਪਾਣੀ ਦਾ ਪਾਣੀ
ਝੂਠ ਉਹ ਭਰਮ ਭੁਲੇਖਾ ਹੈ
ਜੋ ਆਪਣੇ ਛੱਲ਼ ਕਪਟ ਨਾਲ
ਕਰਦਾ ਹੈ ਗੁੰਮਰਾਹ
ਸੱਚ ਇੱਕ ਵੇਗ ਹੈ
ਜ਼ਿੰਦਗੀ ਹੈ
ਅਰਾਧਨਾ ਹੈ
ਇੱਕ ਸੁਹਜ ਹੈ
ਇੱਕ ਸੁਗੰਧ ਹੈ, ਤਰੰਗ ਹੈ
ਲੈਅ ਹੈ, ਵੇਗ ਹੈ
ਤੁਰਦਾ ਹੈ ਸਥਿਰਤਾ ਨਾਲ
ਮੜ੍ਹਕਦੇ ਨਾਲ ਬੇਪ੍ਰਵਾਹ ਧੀਮੀ ਚਾਲ
ਪਰ ਗੁਆਉਂਦਾ ਨਹੀਂ
ਆਪਣਾ ਅਸਤਿਤਵ
ਆਪਣੀ ਪਛਾਣ
ਆਪਣੀ ਸੋਚ ਆਪਣੀ ਖੋਜ।

✪

## ਗੈਂਗਵਾਰ

ਰੇਡਿਓ ਦੀ ਤਾਜ਼ਾ ਖ਼ਬਰ
ਸੱਤਰ ਐਵੀਨਿਊ ਤੇ
ਦਿਨ ਦਿਹਾੜੇ ਚੱਲੀ ਹੈ ਗੋਲੀ
ਇੱਕ ਹੋਰ
ਚੜ੍ਹ ਗਿਆ ਹੈ ਭੇਂਟ ਗੈਂਗਵਾਰ ਦੀ।

ਗੈਂਗਵਾਰ!
ਹੈ ਲੋਕਾਂ ਲਈ ਹਊਆ
ਪਰਿਵਾਰਾਂ ਲਈ ਡਰ
ਜਵਾਨੀਆਂ ਲਈ ਮੌਤ
ਪਾਲ਼ਦੇ ਹਨ ਜਿਸਨੂੰ
ਆਪਣੀ ਨਿੱਘੀ ਗੋਦ ਵਿੱਚ
ਸਰਮਾਏਦਾਰ, ਪੂੰਜੀਪਤੀ.
ਧਨਾਢ, ਦੱਲੇ, ਰਖੇਲਾਂ
ਤੇ ਮਾਫੀਏ।

ਗੈਂਗਵਾਰ!
ਜਿਸਨੇ ਚੁਰਾਇਆ ਹੈ ਸਕੂਨ
ਫੈਲਾਇਆ ਹੈ ਡਰ
ਜੋ ਬੋਲਦਾ ਹੈ ਬੋਲੀ
ਬੰਦੂਕਾਂ ਦੀ, ਬਾਰੂਦਾਂ ਦੀ
ਜੋ ਪੀਂਦਾ ਹੈ ਖ਼ੂਨ
ਲੈਰ੍ਹੇ ਗਭਰੂਆਂ ਦਾ
ਜੋ ਨਹੀਂ ਚਾਹੁੰਦਾ ਜਗਦੇ ਦੀਵੇ
ਬੱਚਿਆਂ ਦੀਆਂ ਕਿਲਕਾਰੀਆਂ ਘਰਾਂ ਵਿੱਚ
ਕਰਦਾ ਹੈ ਨਫ਼ਰਤ

ਮਾਂਗ ਦੀਆਂ ਸੰਧੂਰੀਆਂ ਨੂੰ
ਹੱਥਾਂ ਤੇ ਮਹਿੰਦੀ ਦੀ ਲਾਲੀ
ਵਿਹੜਿਆਂ ਵਿੱਚ ਝੂਮਦਾ ਸ਼ਬਾਬ
ਇਸਨੂੰ ਚੰਗਾ ਨਹੀਂ ਲੱਗਦਾ
ਇਹ ਤਾਂ ਪਰਿੰਦਿਆਂ ਨੂੰ ਦਬੋਚਦਾ ਹੈ
ਪਹਿਲੀ ਉਡਾਰੀ ਤੇ
ਖੁਸ਼ ਹੈ ਲਿਖ ਕੇ ਮਰਸੀਆ
ਜਿਊਂਦੇ ਜੀਅ
ਬੀਜਦਾ ਹੈ ਵੈਣ
ਹੱਸਦੇ ਵਸਦੇ ਆਲ੍ਹਣਿਆਂ ਵਿੱਚ
ਇਹ ਤਾਂ ਚਾਹੁੰਦਾ ਹੈ
ਕਿ ਦੀਵੇ ਘਰਾਂ ਵਿੱਚ ਨਹੀਂ ਸਗੋਂ
ਕਬਰਾਂ ਤੇ ਜਗਾਏ ਜਾਣ।

ਇਸ ਦੀਆਂ ਬਾਹਾਂ ਬਹੁਤ ਲੰਮੀਆਂ ਹਨ
ਇਹ ਧੂਹ ਲੈਂਦਾ ਹੈ
ਮਾਂ ਦੇ ਕਾਲਜ਼ੇ ਦਾ ਰੁੱਗ
ਪਿਉ ਦੀਆਂ ਆਸਾਂ ਦਾ ਚਿਰਾਗ
ਭੈਣਾਂ-ਭਾਈਆਂ ਦੇ ਪਿਆਰ ਦਾ ਅਹਿਸਾਸ
ਘਰਾਂ ਦੀ ਰੌਣਕ
ਪੌਣਾਂ ਵਿੱਚ ਨੱਚ ਰਹੀਆਂ
ਖੁਸ਼ੀਆਂ ਦਾ ਸਰੂਰ
ਇਵਜ਼ ਵਜੋਂ ਦਿੰਦਾ ਵੀ ਹੈ
ਨਸ਼ਿਆਂ ਦਾ ਜੰਜ਼ਾਲ
ਰੁਮਕਦੀਆਂ ਪੌਣਾਂ ਨੂੰ
ਹਵਾ ਵਿੱਚ ਤੈਰਦਾ ਜ਼ਹਿਰਵਾਅ
ਮੌਤ ਵਰਗਾ ਸਹਿਮ
ਫਿਜ਼ਾ ਵਿੱਚ ਬਾਰੂਦ ਦੇ ਠਹਾਕੇ
ਜੋ ਕਰਦੇ ਹਨ ਮਜ਼ਬੂਰ
ਕੰਨਾਂ ਤੇ ਹੱਥ ਰੱਖਣ ਲਈ
ਅਸੀਂ ਕੰਨਾਂ ਤੇ ਹੱਥ ਰੱਖਦੇ ਰੱਖਦੇ

ਰੱਖ ਲੈਂਦੇ ਹਾਂ ਅੱਖਾਂ ਤੇ, ਤੇ ਮੂੰਹ ਤੇ ਵੀ
ਬਾਪੂ ਦੇ ਤਿੰਨ ਬਾਂਦਰਾਂ ਵਾਂਗ
ਆਪਣੀਆਂ ਸੋਚਾਂ ਨੂੰ
ਖੁਦਗਰਜ਼ੀ ਦੀ ਪੁੱਠ ਚਾੜ੍ਹ
ਹੁਣ ਅਸੀਂ ਦੇਖਦੇ, ਸੁਣਦੇ ਤੇ ਬੋਲਦੇ ਨਹੀਂ
ਸਿਰਫ ਹੰਢਾ ਰਹੇ ਹਾਂ
ਇਸ ਗੈਂਗਵਾਰ ਨੂੰ ਦਿਨੋ ਦਿਨ।

✪

## ਆਸਾਂ ਦੀਆਂ ਕਲਮਾਂ

ਆ ਦੋਸਤ, ਕੁਝ ਬੀਜ ਬੀਜੀਏ
ਕਲਮਾਂ ਲਾਈਏ
ਬੰਜਰ ਹੋਈ ਧਰਤ ਦੀ ਕੁੱਖੋਂ
ਸੁੱਤੀ ਹੋਈ ਸੋਚ ਜਗਾਈਏ
ਆ ਦੋਸਤ ਕੁੱਝ ਬੀਜ ਬੀਜੀਏ
ਕਲਮਾਂ ਲਾਈਏ।

ਜੋ ਘਟਾ ਸੋਚਾਂ ਦੇ ਅਸਮਾਨੀਂ ਮੰਡਲਾਵੇ,
ਬੱਦਲ ਬਣ ਵਰ੍ਹਾਈਏ
ਆ ਉਸ ਹੜ੍ਹ ਦੇ ਵਿੱਚ ਹੜ੍ਹ ਜਾਈਏ
ਅਗਿਆਨਤਾ ਨੂੰ ਜੋ ਹੂੰਝ ਲਿਜਾਵੇ
ਬੌਧਿਕਤਾ ਦੀ ਪਿਉਂਦ ਚਾੜ੍ਹ ਕੇ
ਰੌਸ਼ਨੀਆਂ ਦਾ ਦੀਪ ਜਗਾਈਏ
ਆ ਦੋਸਤ, ਕੁੱਝ ਬੀਜ ਬੀਜੀਏ
ਕਲਮਾਂ ਲਾਈਏ।

ਰੰਗ ਬਰੰਗੇ ਬੀਜ ਬੀਜ ਕੇ
ਚਾਨਣ ਅੱਜ ਖਿੰਡਾ ਦੇਈਏ
ਮੋਥਿਆਂ ਅਤੇ ਨਦੀਣਾਂ ਨੂੰ
ਹਿੰਮਤ ਨਾਲ ਪੁਟਾ ਦੇਈਏ
ਜਦ ਹੋਜੂ ਜੱਗ ਹਰਿਆ ਭਰਿਆ
ਫਿਰ ਗੀਤ ਖੁਸ਼ੀ ਦੇ ਗਾਈਏ
ਆ ਦੋਸਤ, ਕੁੱਝ ਬੀਜ ਬੀਜੀਏ
ਕਲਮਾਂ ਲਾਈਏ।

ਇਸ ਬੰਜਰ ਧਰਤੀ ਦੀ ਕੁੱਖ ਨੂੰ
ਗਿਆਨ ਦਾ ਜਾਗ ਲਗਾ ਕੇ
ਚਾਨਣ ਚਾਨਣ ਕਰਦੀਏ ਸਾਰੇ
ਵਿਗਿਆਨ ਦਾ ਦੀਪ ਜਗਾ ਕੇ
ਆਸਾਂ ਦੀਆਂ ਇਹਨਾਂ ਫਸਲਾਂ ਨੂੰ
ਮੁੜ੍ਹਕੇ ਦਾ ਪਾਣੀ ਲਾਈਏ
ਆ ਦੋਸਤ, ਕੁਝ ਬੀਜ ਬੀਜੀਏ
ਕਲਮਾਂ ਲਾਈਏ।
ਬੰਜਰ ਹੋਈ ਧਰਤ ਦੀ ਕੁੱਖੋਂ
ਸੁੱਤੀ ਹੋਈ ਸੋਚ ਜਗਾਈਏ।
✪

## ਨਵਾਂ ਸਾਲ

ਅੱਜ ਚੜ੍ਹ ਰਿਹਾ ਹੈ ਨਵਾਂ ਸਾਲ
ਦੁਨੀਆਂ ਵਿੱਚ
ਹਰ ਦੇਸ਼ ਕਰ ਰਿਹਾ ਹੈ
ਵੱਖਰਾ ਜਸ਼ਨ
ਨਵਾਂ ਸਾਲ ਚੜ੍ਹਾਉਣ ਲਈ
ਅਸੀਂ ਵੀ ਬੈਠੇ ਹਾਂ
ਛੁੱਟੀ ਕਰਕੇ ਟੀ. ਵੀ. ਦੇ ਸਾਹਮਣੇ
ਦੇਖ ਰਹੇ ਹਾਂ ਥਾਂ ਥਾਂ
ਚੜ੍ਹਦਾ ਨਵਾਂ ਸਾਲ
ਸੋਨ ਸੁਨਹਿਰੇ ਚੱਲ ਰਹੇ ਨੇ ਪਟਾਖ਼ੇ
ਭਿੰਨ ਭਿੰਨ ਸ਼ਕਲਾਂ ਨਾਲ
ਖੁਸ਼ੀਆਂ ਦੀ ਫੁਹਾਰ
ਰਹੀ ਹੈ ਫੁੱਟ ਚਾਰੇ ਪਾਸੇ
ਦਿੱਤੀਆਂ ਜਾ ਰਹੀਆਂ ਹਨ
ਵਧਾਈਆਂ ਨਵੇਂ ਸਾਲ ਦੀਆਂ
ਕਿ ਨਵਾਂ ਸਾਲ ਲੈ ਕੇ ਆਵੇ
ਖੁਸ਼ੀਆਂ ਤੇ ਖੇੜਿਆਂ ਦਾ ਪੈਗ਼ਾਮ
ਅਚਾਨਕ ਹੀ ਅਸਮਾਨ ਛੂੰਹਦੇ
ਪਟਾਖ਼ਿਆਂ ਵਿੱਚੋਂ ਦਿਸਦਾ ਹੈ
ਮੈਨੂੰ ਮਹਿੰਗਾਈ ਦਾ ਦੈਂਤ
ਜੋ ਖੜ੍ਹਾ ਹੈ ਮੂੰਹ ਅੱਡੀ
ਨਿਗਲਣ ਲਈ ਗਰੀਬਾਂ ਦੇ
ਨਿੱਕੇ ਮੋਟੇ ਸੁਫਨੇ
ਐਮ.ਐਸ.ਪੀ ਦਾ 40% ਵਾਧਾ

ਬੀ.ਸੀ.ਹਾਈਡਰੋ ਦਾ ਖੂੰਖਾਰ ਜੁਬਾੜਾ
ਪ੍ਰੋਪਰਟੀ ਟੈਕਸ ਦਾ ਮੋਟਾ ਟੀਕਾ
ਆਈ.ਸੀ.ਬੀ.ਸੀ. ਦਾ ਵੱਡਾ ਬੋਝ
ਮੈਦਾਨ ਵਿੱਚ ਕੁੱਦ ਰਹੀਆਂ
ਘਰਾਂ ਦੀਆਂ ਕੀਮਤਾਂ
ਨਵੇਂ ਸਾਲ ਵਿੱਚ ਖੜ੍ਹਨ ਲਈ ਨਹੀਂ ਸਗੋਂ
ਮੂਧੇ ਮੂੰਹ ਸਿੱਟਣ ਵਿੱਚ
ਹੋਣਗੀਆਂ ਮੱਦਦਗਾਰ
ਕੱਢਾਂਗੇ ਇਹ ਸਾਲ ਵੀ ਔਖਾ ਸੌਖਾ
ਅਗਲੇ ਨਵੇਂ ਸਾਲ ਦੀਆਂ ਇਹੋ ਜਿਹੀਆਂ
“ਢੇਰ ਸਾਰੀਆਂ ਖੁਸ਼ੀਆਂ” ਦੀ ਆਮਦ ਤੱਕ।
✪✪✪